Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 261 02/01/2025 www.samajweekly.com samajweekly @samajweekly samajweekly

# ਸੁਪਰੀਮ ਕੋਰਟ ਦੀ ਕਮੇਟੀ ਦੀ ਬੈਠਕ 'ਚ ਸ਼ਾਮਲ ਨਹੀਂ ਹੋਵੇਗਾ ਸੰਯੁਕਤ ਕਿਸਾਨ ਮੋਰਚਾ

## 3 ਜਨਵਰੀ ਨੂੰ ਹੋਣੀ ਸੀ ਸੁਪਰੀਮ ਕੋਰਟ ਕਮੇਟੀ ਨਾਲ ਬੈਠਕ

**ਨਵੀਂ ਦਿਲੀ।** ਅੱਜ ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕਰ ਦਿੱਤਾ ਹੈ ਕਿ ਉਹ ਸੁਪਰੀਮ ਕੋਰਟ ਵੱਲੋਂ ਬਣਾਈ ਗਈ ਤਾਲਮੇਲ ਕਮੇਟੀ ਅੱਗੇ ਪੇਸ਼ ਨਹੀਂ ਹੋਵੇਗਾ। ਮੋਰਚੇ ਦੇ ਆਗੂਆਂ ਹਰਿੰਦਰ ਸਿੰਘ ਲੱਖੋਵਾਲ ਅਤੇ ਡਾਕਟਰ ਦਰਸ਼ਨਪਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਖਨੌਰੀ ਅਤੇ ਸ਼ੰਭੂ ਬਾਰਡਰ ਤੇ ਚੱਲ ਰਹੇ ਅੰਦੋਲਨਾਂ ਵਿਚ ਕੋਈ ਭੂਮਿਕਾ ਨਹੀਂ ਹੈ। ਇਸ ਲਈ ਤਾਲਮੇਲ ਕਮੇਟੀ ਕਰਨ ਦਾ ਕੋਈ ਮਤਲਬ ਹੀ ਨਹੀਂ ਹੈ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਐਲਾਨ ਕੀਤਾ ਸੀ ਕਿ ਸੰਯੁਕਤ ਕਿਸਾਨ ਮੋਰਚਾ ਸੁਪਰੀਮ ਕੋਰਟ ਵੱਲੋਂ ਬਣਾਈ ਤਾਲਮੇਲ ਕਮੇਟੀ ਅੱਗੇ ਪੇਸ਼ ਹੋਵੇਗਾ ਅਤੇ ਕਮੇਟੀ ਅੱਗੇ ਫ਼ਸਲਾਂ 'ਤੇ ਲਾਗਤ ਖ਼ਰਚੇ ਦਾ ਖਰੜਾ ਪੇਸ਼ ਕਰੇਗਾ ਪਰ ਅੱਜ ਮੋਰਚੇ ਦੇ ਆਗੂ ਇਹ ਕਹਿੰਦੇ ਹੋਏ ਪਿੱਛੇ ਹਟ ਗਏ ਕਿ ਉਨ੍ਹਾਂ ਦੀ ਖਨੌਰੀ ਤੇ ਸ਼ੰਭੂ ਬਾਰਡਰ ਤੇ ਚੱਲ ਰਹੇ ਅੰਦੋਲਨਾਂ ਵਿਚ ਜਦੋਂ ਕੋਈ ਭੂਮਿਕਾ ਹੀ ਨਹੀਂ ਤਾਂ ਕਮੇਟੀ ਅੱਗੇ ਪੇਸ਼ ਹੋਣ ਦਾ




ਮਤਲਬ ਹੀ ਨਹੀਂ ਬਣਦਾ। ਜ਼ਿਕਰਯੋਗ ਹੈ ਕਿ ਜਦੋਂ ਸ਼ੰਭੂ ਤੇ ਖਨੌਰੀ ਬਾਰਡਰ ਤੇ ਕਿਸਾਨਾਂ ਨੇ ਅੰਦੋਲਨ ਸ਼ੁਰੂ ਕੀਤਾ ਸੀ ਤਾਂ ਉਸ ਵੇਲੇ ਸੁਪਰੀਮ ਕੋਰਟ ਵਿਚ ਕੁਝ ਪਟੀਸ਼ਨਾਂ ਦਾਇਰ ਹੋਈਆਂ ਜਿਨ੍ਹਾਂ ਵਿਚ ਉਹ ਮੰਗ ਕੀਤੀ ਗਈ ਸੀ ਕਿ ਸ਼ੰਭੂ ਤੇ ਖਨੌਰੀ ਦੇ ਰਸਤੇ ਖੁਲ੍ਹਵਾਏ ਜਾਣ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਇਕ ਤਾਲਮੇਲ ਕਮੇਟੀ ਦਾ ਗਠਨ ਕਰਕੇ ਇਹ ਆਦੇਸ਼ ਦਿੱਤਾ ਸੀ ਕਿ ਕਮੇਟੀ ਕਿਸਾਨਾਂ ਅਤੇ ਸਰਕਾਰਾਂ ਵਿਚਕਾਰ ਵਿਚੋਲਗੀ ਕਰੇ ਅਤੇ ਸਮੱਸਿਆ ਦਾ ਹੱਲ ਕੱਢੇ ਪਰ ਧਰਨਾਕਾਰੀ ਕਿਸਾਨਾਂ ਨੇ ਤਾਲਮੇਲ ਕਮੇਟੀ ਨਾਲ ਗੱਲਬਾਤ ਕਰਨ ਤੋਂ ਮਨ੍ਹਾਂ ਕਰ ਦਿੱਤਾ ਇਸ ਦਾ ਅਰਥ ਇਹ ਸੀ ਕਿ ਇਹ ਕਮੇਟੀ ਧਰਨਾਕਾਰੀ ਕਿਸਾਨਾਂ ਨਾਲ ਗੱਲਬਾਤ ਲਈ ਬਣਾਈ ਗਈ ਸੀ ਤੇ ਬਾਕੀ ਕਿਸਾਨਾਂ ਦਾ ਇਸ ਨਾਲ ਕੋਈ ਸਰੋਕਾਰ ਨਹੀਂ ਸੀ।

## ਰਾਜਸਥਾਨ: ਦਸ ਦਿਨਾਂ ਮਗਰੋਂ ਬੋਰਵੈੱਲ 'ਚੋਂ ਕੱਢੀ 3 ਸਾਲਾ ਬੱਚੀ ਦੀ ਮੌਤ

**ਜੈਪੁਰ।** ਰਾਜਸਥਾਨ ਦੇ ਕੋਟਪੁਤਲੀ-ਬਹਿਰੋਰ ਜ਼ਿਲ੍ਹੇ ਵਿਚ ਦਸ ਦਿਨ ਪਹਿਲਾਂ 150 ਫੁੱਟ ਡੂੰਘੇ ਬੋਰ ਵਿਚ ਡਿੱਗੀ ਤਿੰਨ ਸਾਲਾ ਬੱਚੀ ਦੀ ਮੌਤ ਹੋ ਗਈ ਹੈ। ਇਸ ਬੱਚੀ ਨੂੰ ਦਸ ਦਿਨਾਂ ਤੋਂ ਜਾਰੀ ਰਾਹਤ ਤੇ ਬਚਾਅ ਕਾਰਜਾਂ ਮਗਰੋਂ ਅੱਜ ਬੇਸੁੱਧ ਹਾਲਤ ਵਿਚ ਬਾਹਰ ਕੱਢਿਆ ਗਿਆ। ਚੇਤਨਾ ਨਾਂ ਦੀ ਇਸ ਬੱਚੀ ਨੂੰ ਫੌਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਇਸ ਨੂੰ ਮ੍ਰਿਤ ਲਿਆਂਦੀ ਐਲਾਨ ਦਿੱਤਾ।



ਐਨਡੀਆਰਐੱਫ ਟੀਮ ਦੇ ਇੰਚਾਰਜ ਯੋਗੇਸ਼ ਮੀਨਾ ਨੇ ਕਿਹਾ ਕਿ ਜਦੋਂ ਬੱਚੀ ਨੂੰ ਬਾਹਰ ਕੱਢਿਆ ਗਿਆ ਤਾਂ ਉਸ ਵਿਚ ਕੋਈ ਹਿਲਜੁਲ ਨਹੀਂ ਸੀ।

## 4 ਬੱਚਿਆਂ ਦੇ ਲਾਪਤਾ ਹੋਣ ਦੇ ਮਾਮਲੇ 'ਚ 16 ਫੌਜੀਆਂ ਨੂੰ ਹਿਰਾਸਤ 'ਚ ਲੈਣ ਦੇ ਹੁਕਮ ਜਾਰੀ

**ਇਕਵਾਡੋਰ।** ਇਕਵਾਡੋਰ ਦੇ ਇਕ ਜੱਜ ਨੇ ਤੱਟਵਰਤੀ ਸ਼ਹਿਰ ਗੁਆਯਾਕਿਲ ਵਿਚ ਤਿੰਨ ਹਫ਼ਤੇ ਪਹਿਲਾਂ ਚਾਰ ਬੱਚਿਆਂ ਦੇ ਲਾਪਤਾ ਹੋਣ ਦੇ ਮਾਮਲੇ ਵਿਚ 16 ਫੌਜੀਆਂ ਦੀ ਗ੍ਰਿਫ਼ਤਾਰੀ ਦੇ ਹੁਕਮ ਦਿਤੇ ਹਨ। ਇਕਵਾਡੋਰ ਦੇ ਅਟਾਰਨੀ ਜਨਰਲ ਦੇ ਦਫਤਰ ਨੇ ਮੰਗਲਵਾਰ ਨੂੰ ਉਨ੍ਹਾਂ ਨੂੰ ਹਿਰਾਸਤ 'ਚ ਲੈਣ ਦੀ ਬੇਨਤੀ ਕੀਤੀ ਸੀ। ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਹਾ ਕਿ ਉਸ ਦੀ ਬੇਨਤੀ ਨੂੰ ਮਨਜ਼ੂਰ ਕਰ ਲਿਆ ਗਿਆ ਹੈ ਅਤੇ ਹਿਰਾਸਤ 'ਚ ਲਏ ਗਏ ਫ਼ੌਜੀਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਇਕਵਾਡੋਰ ਲਾਪਤਾ ਬੱਚਿਆਂ ਦੇ ਪ੍ਰਕੋਪ



ਨਾਲ ਹਿੱਲ ਗਿਆ ਹੈ, ਜਿਸ ਵਿਚ ਫੌਜ ਨੂੰ ਦੇਸ਼ ਵਿਚ ਵੱਧ ਰਹੀ ਹਿੰਸਾ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਨਜਿੱਠਣ ਦਾ ਕੰਮ ਸੌਂਪਿਆ ਗਿਆ ਹੈ। 11 ਤੋਂ 15 ਸਾਲ ਦੀ ਉਮਰ ਦੇ ਚਾਰ ਲੜਕੇ ਫੁੱਟਬਾਲ ਖੇਡਣ ਗਏ ਸਨ ਅਤੇ 8 ਦਸੰਬਰ ਨੂੰ ਉਨ੍ਹਾਂ ਦੇ ਪਰਵਾਰ ਵਲੋਂ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਘਰ ਨਹੀਂ ਪਰਤੇ ਸਨ।

# 'ਆਪ' ਵਿਚ ਸ਼ਾਮਲ ਹੋਏ ਜਸਬੀਰ ਸਿੰਘ ਗੜ੍ਹੀ

**ਚੰਡੀਗੜ੍ਹ।** ਬਹੁਜਨ ਸਮਾਜ ਪਾਰਟੀ ਦੇ ਸਾਬਕਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਜਸਵੀਰ ਸਿੰਘ ਗੜ੍ਹੀ ਨੂੰ 'ਆਪ' ਵਿੱਚ ਸ਼ਾਮਲ ਕਰਵਾਇਆ ਹੈ। ਦੱਸ ਦਈਏ ਕਿ ਜਸਬੀਰ ਸਿੰਘ ਗੜ੍ਹੀ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਬਹੁਜਨ ਸਮਾਜ ਪਾਰਟੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਇਹ ਹੁਕਮ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਜਾਰੀ ਕੀਤਾ ਸੀ। ਜਸਬੀਰ ਸਿੰਘ ਗੜ੍ਹੀ 2019 ਤੋਂ ਬਸਪਾ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ। ਉਨ੍ਹਾਂ ਦੀ ਪ੍ਰਧਾਨਗੀ ਹੇਠ ਸਾਲ 2022 ਵਿਚ ਵਿਧਾਨ ਸਭਾ ਚੋਣਾਂ ਲੜੀਆਂ ਗਈਆਂ ਸਨ। ਇਸ ਚੋਣ ਵਿਚ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਕੀਤਾ ਸੀ। ਉਨ੍ਹਾਂ ਦੀ ਪ੍ਰਧਾਨਗੀ ਹੇਠ ਬਸਪਾ ਜਨਰਲ ਸਕੱਤਰ



ਨਛੱਤਰ ਪਾਲ ਸਿੰਘ ਨਵਾਂਸ਼ਹਿਰ ਤੋਂ ਜੇਤੂ ਰਹੇ। ਇਸ ਦੇ ਨਾਲ ਹੀ ਉਹ ਖ਼ੁਦ ਫਗਵਾੜਾ ਤੋਂ ਵਿਧਾਨ ਸਭਾ ਚੋਣ ਲੜ ਚੁੱਕੇ ਹਨ। ਉਹ 31232 ਵੋਟਾਂ (24.41%) ਨਾਲ ਤੀਜੇ ਸਥਾਨ 'ਤੇ ਰਹੇ ਸਨ। 'ਆਪ' ਵਿਚ ਸ਼ਾਮਲ ਹੋਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਨਵਾਂ ਸਾਲ ਤੇ ਨਵੀਆਂ ਗੱਲਾਂ ਹਨ। ਗੜ੍ਹੀ ਨੇ ਬੋਲਦਿਆਂ ਕਿਹਾ ਕਿ ਮੇਰੀ ਪਿਛਲੀ ਪਾਰਟੀ ਬਸਪਾ ਨੇ ਜੋ ਕੀਤਾ, ਮੈਂ ਉਸ 'ਤੇ ਲਗਾਤਾਰ ਦੋ ਮਹੀਨਿਆਂ ਤੋਂ ਚੁੱਪ ਸੀ ਕਿਉਂਕਿ ਮੈਂ ਵੇਖਣਾ ਚਾਹੁੰਦਾ ਸੀ ਕਿ ਪਾਰਟੀ ਨੇ ਜੋ ਮੈਨੂੰ ਬਰਖਾਸਤ ਕਰਨ ਦੀ ਗਲਤੀ ਕੀਤੀ ਉਹ ਸੁਧਾਰਦੇ ਹਨ ਜਾਂ ਨਹੀਂ ਪਰ ਨਹੀਂ ਅਜਿਹਾ ਕੁਝ ਨਹੀਂ ਹੋਇਆ। ਗੜ੍ਹੀ ਨੇ ਕਿਹਾ ਕਿ ਬਸਪਾ ਨੇ ਮੇਰਾ ਰਾਜਨੀਤਿਕ ਕਤਲ ਕਰ ਦਿੱਤਾ ਸੀ, ਇਸ ਲਈ ਮੈਂ ਆਪ ਆਦਮੀ ਪਾਰਟੀ ਦਾ ਪੱਲਾ ਫੜ੍ਹਿਆ ਹੈ। ਗੜ੍ਹੀ ਨੇ ਬੋਲਦਿਆਂ ਕਿਹਾ ਕਿ ਇਕ ਸਮਾਂ ਆਇਆ ਕਿ ਪੰਜਾਬ ਦੀ ਵਾਂਗਡੋਰ ਸਾਂਭਣ ਦਾ ਮੈਨੂੰ ਮੌਕਾ ਮਿਲਿਆ। 5 ਸਾਲ 8 ਮਹੀਨੇ ਮੈਂ ਪੰਜਾਬ ਵਿਚ ਬਹੁਜਨ ਸਮਾਜ ਪਾਰਟੀ ਦਾ ਪ੍ਰਧਾਨ ਰਿਹਾ। 25 ਸਾਲ ਤੋਂ ਬਹੁਜਨ ਸਮਾਜ ਪਾਰਟੀ ਦਾ ਹਾਥੀ ਪੰਜਾਬ ਵਿਚ ਜਿੱਤਿਆ ਨਹੀਂ ਸੀ। ਅਸੀਂ ਪੰਜਾਬ ਵਿਚ ਦਲਿਤ ਸਮਾਜ ਦੀ ਰਾਜਨੀਤੀ ਇੰਨੀ ਵਧੀਆਂ ਕੀਤੀ ਕਿ ਸਾਰੀਆਂ ਪਾਰਟੀਆਂ ਦਲਿਤ-ਦਲਿਤ ਕਰਨ ਲੱਗ ਪਈਆਂ ਸਨ। ਕਾਂਗਰਸ ਪਾਰਟੀ ਨੂੰ ਹਾਥੀ ਨੂੰ ਰੋਕਣ ਲਈ ਦਲਿਤ ਸੀਐੱਮ ਲਾਉਣਾ ਪਿਆ।

## ਨਵੇਂ ਸਾਲ ਦੇ ਜ਼ਸਨਾਂ ਦੌਰਾਨ ਗੁਜਰਾਤ 'ਚ ਲੱਗੇ ਭੂਚਾਲ ਦੇ ਝਟਕੇ

**ਨਵੀਂ ਦਿਲੀ।** ਦੁਨੀਆਂ ਭਰ 'ਚ ਲੋਕ ਜਿੱਥੇ ਨਵੇਂ ਸਾਲ ਦਾ ਜਸ਼ਨ ਮਨਾ ਰਹੇ ਹਨ ਉਥੇ ਹੀ ਭਾਰਤ ਵਿਚ ਨਵੇਂ ਸਾਲ ਦੇ ਦਿਨ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਦਰਸਲ ਗੁਜਰਾਤ ਦੇ ਕੱਛ 'ਚ ਇਹ ਝਟਕੇ ਮਹਿਸੂਸ ਕੀਤੇ ਗਏ ਹਨ। ਗੁਜਰਾਤ ਦੇ ਕੱਛ ਜ਼ਿਲ੍ਹੇ ਵਿਚ ਬੁਧਵਾਰ ਸਵੇਰੇ 3.2 ਤੀਬਰਤਾ ਦਾ ਭੂਚਾਲ ਆਇਆ। ਇੰਸਟੀਚਿਊਟ ਆਫ਼ ਭੂਚਾਲ ਖੋਜ (ਆਈਐੈਸਆਰ) ਨੇ ਇਹ ਜਾਣਕਾਰੀ ਦਿਤੀ। ਜ਼ਿਲ੍ਹਾ ਪ੍ਰਸ਼ਾਸਨ ਨੇ ਕਿਹਾ ਕਿ ਭੂਚਾਲ ਕਾਰਨ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਗਾਂਧੀਨਗਰ ਸਥਿਤ ਆਈਐੈਸਆਰ ਅਨੁਸਾਰ, ਭੂਚਾਲ ਸਵੇਰੇ 10.24 ਵਜੇ ਰਿਕਾਰਡ ਕੀਤਾ ਗਿਆ, ਇਸਦਾ ਕੇਂਦਰ ਭਚਾਊ ਤੋਂ 23 ਕਿਲੋਮੀਟਰ ਉੱਤਰ-ਪੂਰਬ ਵਿਚ ਸਥਿਤ ਸੀ। ਪਿਛਲੇ ਮਹੀਨੇ, ਖੇਤਰ ਵਿਚ 3 ਤੀਬਰਤਾ ਤੋਂ ਵੱਧ ਚਾਰ ਭੂਚਾਲ ਦੀਆਂ ਗਤੀਵਿਧੀਆਂ ਦਰਜ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿਚ ਤਿੰਨ ਦਿਨ



ਪਹਿਲਾਂ 3.2 ਤੀਬਰਤਾ ਦਾ ਭੂਚਾਲ ਵੀ ਸ਼ਾਮਲ ਸੀ, ਜਿਸਦਾ ਕੇਂਦਰ ਵੀ ਭਚਾਊ ਦੇ ਨੇੜੇ ਸੀ। ਆਈਐੈਸਆਰ ਅਨੁਸਾਰ, 23 ਦਸੰਬਰ ਨੂੰ ਜ਼ਿਲ੍ਹੇ ਵਿਚ 3.7 ਤੀਬਰਤਾ ਦਾ ਅਤੇ 7 ਦਸੰਬਰ ਨੂੰ 3.2 ਤੀਬਰਤਾ ਦਾ ਭੂਚਾਲ ਆਇਆ ਸੀ।

## ਮੁੰਬਈ ਹਮਲੇ ਦੇ ਦੋਸ਼ੀ ਤਹੱਵੁਰ ਰਾਣਾ ਨੂੰ ਲਿਆਇਆ ਜਾਵੇਗਾ ਭਾਰਤ

**ਨਵੀਂ ਦਿਲੀ।** ਮੁੰਬਈ ਹਮਲੇ (26/11) ਦੇ ਦੋਸ਼ੀ ਤਹੱਵੁਰ ਰਾਣਾ ਨੂੰ ਜਲਦ ਹੀ ਭਾਰਤ ਲਿਆਂਦਾ ਜਾ ਸਕਦਾ ਹੈ। ਅਮਰੀਕੀ ਅਦਾਲਤ ਨੇ ਭਾਰਤ-ਅਮਰੀਕਾ ਹਵਾਲਗੀ ਸੰਧੀ ਤਹਿਤ ਰਾਣਾ ਦੀ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰਿਪੋਰਟ ਮੁਤਾਬਕ ਰਾਣਾ ਨੂੰ ਡਿਪਲੋਮੈਟਿਕ ਚੈਨਲ ਰਾਹੀਂ ਭਾਰਤ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਤਹੱਵੁਰ ਰਾਣਾ ਨੂੰ 2009 ਵਿੱਚ ਐਫਬੀਆਈ ਨੇ ਗ੍ਰਿਫ਼ਤਾਰ ਕੀਤਾ ਸੀ। 15 ਅਗਸਤ, 2024 ਨੂੰ ਰਾਣਾ ਨੇ ਹਵਾਲਗੀ ਦੇ ਫੈਸਲੇ ਵਿਰੁੱਧ ਅਪੀਲ ਕੀਤੀ, ਜਿਸ ਨੂੰ ਜ਼ਿਲ੍ਹਾ ਅਦਾਲਤ ਨੇ ਰੱਦ ਕਰ ਦਿੱਤਾ। ਅਮਰੀਕੀ ਅਦਾਲਤ ਨੇ ਆਪਣੇ ਫੈਸਲੇ 'ਚ ਕਿਹਾ ਸੀ ਕਿ ਦੋਹਾਂ ਦੇਸ਼ਾਂ ਵਿਚਾਲੇ ਹਵਾਲਗੀ ਸੰਧੀ ਤਹਿਤ ਉਸ ਨੂੰ ਭਾਰਤ ਭੇਜਿਆ ਜਾ ਸਕਦਾ ਹੈ। ਮੁੰਬਈ ਹਮਲਿਆਂ ਦੀ 405 ਪੰਨਿਆਂ ਦੀ ਚਾਰਜਸ਼ੀਟ 'ਚ ਰਾਣਾ ਦਾ ਨਾਂ ਵੀ ਮੁਲਜ਼ਮ ਵਜੋਂ ਦਰਜ ਹੈ। ਇਸ ਮੁਤਾਬਕ ਰਾਣਾ ਆਈਐੈਸਆਈ ਅਤੇ ਲਸ਼ਕਰ-ਏ-ਤੋਇਬਾ ਦਾ ਮੈਂਬਰ ਹੈ। ਚਾਰਜਸ਼ੀਟ ਮੁਤਾਬਕ ਰਾਣਾ ਹਮਲੇ ਦੇ ਮੁੱਖ ਦੋਸ਼ੀ ਡੇਵਿਡ ਕੋਲਮੈਨ ਹੈਡਲੀ ਦੀ ਮਦਦ ਕਰ ਰਿਹਾ ਸੀ।



26 ਨਵੰਬਰ 2008 ਨੂੰ ਲਸ਼ਕਰ-ਏ-ਤੋਇਬਾ ਦੇ 10 ਅੱਤਵਾਦੀਆਂ ਨੇ ਮੁੰਬਈ 'ਤੇ ਹਮਲਾ ਕੀਤਾ ਸੀ। ਇਨ੍ਹਾਂ 'ਚ 166 ਲੋਕ ਮਾਰੇ ਗਏ ਸਨ ਅਤੇ 300 ਜ਼ਖ਼ਮੀ ਹੋਏ ਸਨ। ਮਰਨ ਵਾਲਿਆਂ ਵਿਚ ਕੁਝ ਅਮਰੀਕੀ ਨਾਗਰਿਕ ਵੀ ਸ਼ਾਮਲ ਸਨ। ਮੁਕਾਬਲੇ 'ਚ ਪੁਲਿਸ ਨੇ 9 ਅੱਤਵਾਦੀਆਂ ਨੂੰ ਮਾਰ ਦਿੱਤਾ ਅਤੇ ਅਜਮਲ ਕਸਾਬ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਨੂੰ 2012 ਵਿੱਚ ਫਾਂਸੀ ਦਿੱਤੀ ਗਈ ਸੀ। ਰਾਣਾ-ਹੈਡਲੀ ਨੇ ਮੁੰਬਈ ਹਮਲੇ ਦਾ ਬਲੂਪ੍ਰਿੰਟ ਤਿਆਰ ਕੀਤਾ ਸੀ, ਮੁੰਬਈ ਪੁਲਿਸ ਦੀ ਚਾਰਜਸ਼ੀਟ ਮੁਤਾਬਕ ਰਾਣਾ ਭਾਰਤ ਆਉਣ ਤੋਂ ਬਾਅਦ ਹਮਲੇ ਦੀ ਜਗ੍ਹਾ ਅਤੇ ਠਹਿਰਨ ਦੇ ਸਥਾਨਾਂ ਨੂੰ ਦੱਸ ਕੇ ਅੱਤਵਾਦੀਆਂ ਦੀ ਮਦਦ ਕਰ ਰਿਹਾ ਸੀ। ਇਹ ਬਲੂਪ੍ਰਿੰਟ ਰਾਣਾ ਨੇ ਹੀ ਤਿਆਰ ਕੀਤਾ ਸੀ, ਜਿਸ ਦੇ ਆਧਾਰ 'ਤੇ ਇਹ ਹਮਲਾ ਕੀਤਾ ਗਿਆ ਸੀ। ਰਾਣਾ ਅਤੇ ਹੈਡਲੀ ਨੇ ਅੱਤਵਾਦੀ ਸਾਜ਼ਿਸ਼ ਰਚੀ ਸੀ। ਚਾਰਜਸ਼ੀਟ 'ਚ ਦੱਸਿਆ ਗਿਆ ਕਿ ਮੁੰਬਈ ਹਮਲੇ ਦੀ ਸਾਜ਼ਿਸ਼ ਰਚਣ 'ਚ ਰਾਣਾ ਨੇ ਵੱਡੀ ਭੂਮਿਕਾ ਨਿਭਾਈ ਸੀ। ਹਵਾਲਗੀ ਦੇ ਫੈਸਲੇ ਵਿਰੁੱਧ ਰਾਣਾ ਦੀ ਅਪੀਲ ਨੂੰ ਅਮਰੀਕੀ ਅਦਾਲਤ ਨੇ 15 ਅਗਸਤ ਨੂੰ ਖਾਰਜ ਕਰ ਦਿੱਤਾ ਸੀ। ਅਮਰੀਕੀ ਅਦਾਲਤ ਨੇ 15 ਅਗਸਤ ਨੂੰ ਆਪਣੇ ਫੈਸਲੇ 'ਚ ਕਿਹਾ ਸੀ ਕਿ ਦੋਹਾਂ ਦੇਸ਼ਾਂ ਵਿਚਾਲੇ ਹੋਈ ਹਵਾਲਗੀ ਸੰਧੀ ਤਹਿਤ ਉਸ ਨੂੰ ਭਾਰਤ ਭੇਜਿਆ ਜਾ ਸਕਦਾ ਹੈ। ਭਾਰਤ ਦੇ ਹਵਾਲੇ ਕੀਤੇ ਜਾਣ ਤੋਂ ਬਚਣ ਲਈ ਪਾਕਿਸਤਾਨੀ ਮੂਲ ਦੇ ਤਹੱਵੁਰ ਰਾਣਾ ਨੇ ਅਮਰੀਕੀ ਅਦਾਲਤ ਵਿੱਚ ਹੈਬੀਅਸ ਕਾਰਪਸ ਯਾਨੀ ਹੈਬੀਅਸ ਕਾਰਪਸ ਦਾਇਰ ਕੀਤਾ ਸੀ। ਹੈਬੀਅਸ ਕਾਰਪਸ ਪਟੀਸ਼ਨ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਕਿਸੇ ਵਿਅਕਤੀ ਨੂੰ ਗੈਰ-ਕਾਨੂੰਨੀ ਹਿਰਾਸਤ 'ਚ ਰੱਖਿਆ ਜਾਂਦਾ ਹੈ। ਹਾਲਾਂਕਿ ਲਾਸ ਏਂਜਲਸ ਦੀ ਜ਼ਿਲ੍ਹਾ ਅਦਾਲਤ ਨੇ ਆਪਣੇ ਫੈਸਲੇ 'ਚ ਕਿਹਾ ਸੀ ਕਿ ਭਾਰਤ ਨੇ ਜਿਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਤਹੱਵੁਰ ਦੀ ਹਵਾਲਗੀ ਦੀ ਮੰਗ ਕੀਤੀ ਹੈ, ਉਸ ਨੂੰ ਦੇਖਦੇ ਹੋਏ ਉਸ ਦੀ ਹਵਾਲਗੀ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਨਵੇਂ ਸਾਲ ਦੇ ਮੌਕੇ ਪੰਜਾਬੀ ਗਾਇਕ ਬੱਬੂ ਮਾਨ ਪਹੁੰਚੇ ਖਨੌਰੀ ਬਾਰਡਰ



**ਖਨੌਰੀ।** ਅੱਜ ਖਨੌਰੀ ਬਾਰਡਰ 'ਤੇ ਨਵਾਂ ਸਾਲ ਦੇ ਮੌਕੇ ਮਸ਼ਹੂਰ ਪੰਜਾਬੀ ਗਾਇਕ ਬੱਬੂ ਮਾਨ ਪਹੁੰਚੇ। ਕੁਝ ਦਿਨ ਪਹਿਲਾਂ ਵੀ ਬੱਬੂ ਮਾਨ ਖਨੌਰੀ ਬਾਰਡਰ 'ਤੇ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਦਾ ਹਾਲ ਚਾਲ ਜਾਣਨ ਪਹੁੰਚੇ ਸੀ। ਜਿਵੇਂ ਕਿ ਸਾਰਿਆਂ ਨੂੰ ਪਤਾ ਹੀ ਹੈ ਕਿ ਕਿਸਾਨੀ ਮੰਗਾਂ ਨੂੰ ਲੈ ਕੇ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਕਿਸਾਨਾਂ ਦਾ ਸੰਘਰਸ਼ ਚੱਲ ਰਿਹਾ ਹੈ। ਇਸ ਦੌਰਾਨ ਸਿਆਸੀ ਆਗੂ ਅਤੇ ਗਾਇਕ ਡੱਲੇਵਾਲ ਨੂੰ ਇਸ ਅੰਦੋਲਨ 'ਚ ਮਿਲਣ ਲਈ ਪਹੁੰਚ ਰਹੇ ਹਨ। ਬੱਬੂ ਮਾਨ ਨੂੰ ਕਿਸਾਨੀ ਜਮੂਹਰੀਅਤ ਲਈ ਬਹੁਤ ਵੱਡੀ ਦੇਣ ਹੈ। ਉਨ੍ਹਾਂ ਨੇ ਹਮੇਸ਼ਾਂ ਹੀ ਕਿਸਾਨਾਂ ਦੇ ਹੱਕ ਦਾ ਨਾਅਰਾ ਲਗਾਇਆ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅਤਿਵਾਦੀਆਂ ਵਲੋਂ ਇੰਫ਼ਾਲ ਪੱਛਮੀ ਦੇ ਪਿੰਡ ’ਤੇ ਹਮਲਾ



**ਮਨੀਪੁਰ।** ਅੱਤਵਾਦੀਆਂ ਵਲੋਂ ਮਨੀਪੁਰ ਦੇ ਇੰਫ਼ਾਲ ਪੱਛਮੀ ਦੇ ਪਿੰਡਾਂ ਵਿਚ ਇਕ ਵੱਡਾ ਹਮਲਾ ਕੀਤਾ ਗਿਆ। ਇਸ ਹਮਲੇ ਦੌਰਾਨ ਅਤਿਵਾਦੀਆਂ ਨੇ ਰਾਤ ਨੂੰ ਕਰੀਬ 1 ਵਜੇ ਕਈ ਰਾਊਂਡ ਫ਼ਾਇਰ ਕੀਤੇ ਅਤੇ ਬੰਬ ਵੀ ਸੁੱਟੇ, ਜਿਸ ਕਾਰਨ ਕੱਚੇ ਘਰਾਂ ਵਿਚ ਰਹਿ ਰਹੇ ਕਈ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਵਲ ਭੱਜਣਾ ਪਿਆ। ਸੁਰੱਖਿਆ ਬਲਾਂ ਦੀ ਕਾਰਵਾਈ ਦੌਰਾਨ ਬਿਸ਼ਨੂਪੁਰ ਤੇ ਥੌਬਲ ਤੋਂ ਹਥਿਆਰ ਤੇ ਗੋਲਾ ਬਾਰੂਦ ਬਰਾਮਦ ਹੋਇਆ। ਪੁਲਿਸ ਨੇ ਦਸਿਆ ਕਿ ਅੱਤਵਾਦੀਆਂ ਨੇ ਕਰੀਬ 1 ਵਜੇ ਕੰਗਪੋਕਪੀ ਜ਼ਿਲ੍ਹੇ ਦੇ ਪਹਾੜੀ ਖੇਤਰਾਂ ਤੋਂ ਆਧੁਨਿਕ ਹਥਿਆਰਾਂ ਨਾਲ ਕਈ ਰਾਊਂਡ ਫ਼ਾਇਰ ਕੀਤੇ ਤੇ ਬੰਬ ਸੁੱਟੇ। ਇਸ ਮਾਮਲੇ ਵਿਚ ਪਿੰਡ ਦੇ ਵਲੰਟੀਅਰਾਂ ਨੇ ਜਵਾਬੀ ਕਾਰਵਾਈ ਕੀਤੀ ਅਤੇ ਸਥਿਤੀ ਨੂੰ ਕਾਬੂ ਕਰਨ ਲਈ ਵਾਧੂ ਸੁਰੱਖਿਆ ਬਲ ਭੇਜੇ ਗਏ। ਹਾਲਾਂਕਿ ਇਸ ਹਮਲੇ ’ਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਅੱਤਵਾਦੀਆਂ ਦੇ ਇਸ ਹਮਲੇ ਕਾਰਨ ਕੱਚੇ ਘਰਾਂ ’ਚ ਰਹਿਣ ਵਾਲੇ ਕਈ ਪਿੰਡ ਵਾਸੀਆਂ ਨੂੰ ਸੁਰੱਖਿਅਤ ਥਾਵਾਂ ’ਤੇ ਭੱਜਣਾ ਪਿਆ। ਇਸ ਦੇ ਨਾਲ ਹੀ ਮਣੀਪੁਰ ਦੇ ਬਿਸ਼ਨੂਪੁਰ ਅਤੇ ਥੌਬਲ ਜ਼ਿਲ੍ਹਿਆਂ ਵਿਚ ਚਲਾਏ ਗਏ ਸਰਚ ਆਪਰੇਸ਼ਨ ਦੌਰਾਨ ਸੁਰੱਖਿਆ ਬਲਾਂ ਨੇ ਭਾਰੀ ਮਾਤਰਾ ਵਿਚ ਹਥਿਆਰ ਤੇ ਗੋਲਾ ਬਾਰੂਦ ਜ਼ਬਤ ਕੀਤਾ ਹੈ। ਸੁਰੱਖਿਆ ਬਲਾਂ ਨੇ ਮੰਗਲਵਾਰ ਨੂੰ ਬਿਸ਼ਨੂਪੁਰ ਜ਼ਿਲ੍ਹੇ ਦੇ ਥੋਂਗਖੋਂਗਲੋਕ ਪਿੰਡ ਤੋਂ ਇਕ ਐਸਐਲਆਰ, 303 ਰਾਈਫ਼ਲ, 12 ਬੋਰ ਸਿੰਗਲ ਬੈਰਲ ਬੰਦੂਕ, ਦੋ 9 ਐਮਐਮ ਪਿਸਤੌਲ, ਦੰਗਾ ਵਿਰੋਧੀ ਬੰਦੂਕ, ਇੰਸਾਸ ਐਲਐਮਜੀ ਅਤੇ ਰਾਈਫਲ ਮੈਗਜ਼ੀਨ, ਹੈਂਡ ਗ੍ਰਨੇਡ, ਡੈਟੋਨੇਟਰ ਅਤੇ ਹੋਰ ਚੀਜ਼ਾਂ ਜ਼ਬਤ ਕੀਤੀਆਂ। ਇਸ ਦੇ ਨਾਲ ਹੀ ਸੁਰੱਖਿਆ ਬਲਾਂ ਨੇ ਥੌਬਲ ਜ਼ਿਲ੍ਹੇ ਦੇ ਲੀਸ਼ਾਂਗਥੇਮ ਆਈਕੋਪ ਪੈਟ ਇਲਾਕੇ ਤੋਂ ਇਕ ਐਂਟੀ ਮਟੀਰੀਅਲ ਰਾਈਫ਼ਲ, ਸਨਾਈਪਰ ਦ੍ਰਿਸ਼ ਸਕੋਪ, ਸਿੰਗਲ ਬੋਲਟ ਐਕਸ਼ਨ ਰਾਈਫ਼ਲ, ਸਵਦੇਸ਼ੀ ਪਿਸਤੌਲ, ਹੈਂਡ ਗ੍ਰਨੇਡ ਅਤੇ ਗੋਲਾ ਬਾਰੂਦ ਜ਼ਬਤ ਕੀਤਾ ਹੈ। ਇਸ ਦੇ ਨਾਲ ਹੀ ਪੁਲਿਸ ਨੇ ਮਣੀਪੁਰ ਦੇ ਹਿੰਸਾ ਪ੍ਰਭਾਵਿਤ ਇੰਫ਼ਾਲ ਪੂਰਬੀ ਜ਼ਿਲ੍ਹੇ ਵਿਚ ਬੰਗਾਲੀ ਕ੍ਰਾਸਿੰਗ ਨੇੜੇ ਜ਼ਬਰਦਸਤੀ ਦੇ ਇੱਕ ਮਾਮਲੇ ਵਿੱਚ ਵੀ ਕਾਰਵਾਈ ਕੀਤੀ। ਇਸ ਦੌਰਾਨ ਸੁਰੱਖਿਆ ਬਲਾਂ ਨੇ ਕਾਂਗਲੀਪਕ ਕਮਿਊਨਿਸਟ ਪਾਰਟੀ (ਪੀਪਲਜ਼ ਵਾਰ ਗਰੁੱਪ) ਦੇ ਇਕ ਮੈਂਬਰ ਨੂੰ ਮੰਤਰੀਪੁਖਾਰੀ ਬਾਜ਼ਾਰ ਤੋਂ ਗ੍ਰਿਫ਼ਤਾਰ ਕੀਤਾ, ਜੋ ਕਿ ਜਬਰੀ ਵਸੂਲੀ ਵਿਚ ਸ਼ਾਮਲ ਸੀ। ਉਸ ਕੋਲੋਂ 9 ਐਮਐਮ ਦੀ ਪਿਸਤੌਲ, ਮੈਗਜ਼ੀਨ ਅਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ।

for more news visit:
www.samajweekly.com

# ਕਲਯੁਗੀ ਪੁੱਤ ਨੇ ਮਾਂ ਤੇ 4 ਭੈਣਾਂ ਦਾ ਬੇਰਹਿਮੀ ਨਾਲ ਕੀਤਾ ਕਤਲ

**ਲਖਨਊ।** ਉੱਤਰ ਪ੍ਰਦੇਸ਼ ਦੇ ਲਖਨਊ ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਨਵੇਂ ਸਾਲ ਦੇ ਪਹਿਲੇ ਦਿਨ ਇਕ ਹੀ ਪਰਿਵਾਰ ਦੇ 5 ਜੀਆਂ ਦੀਆਂ ਲਾਸ਼ਾਂ ਮਿਲਣ ਦੀ ਖ਼ਬਰ ਹੈ। ਜਾਣਕਾਰੀ ਮਿਲ ਰਹੀ ਹੈ ਕਿ ਪਰਿਵਾਰ ਦੇ ਇਨ੍ਹਾਂ ਪੰਜ ਜੀਆਂ ਦਾ ਇਕੱਠਿਆਂ ਕਤਲ ਕਰ ਦਿੱਤਾ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਘਟਨਾ ਨੂੰ ਅੰਜਾਮ ਪਰਿਵਾਰ ਦੇ ਹੀ ਇੱਕ ਮੈਂਬਰ ਨੇ ਦਿੱਤਾ ਹੈ। ਜੋ ਕਿ ਰਿਸ਼ਤੇ ਵਿਚ ਲੜਕੀਆਂ ਦੀ ਭਰਾ ਤੇ ਔਰਤ ਦਾ ਪੁੱਤ ਦੱਸਿਆ ਜਾ ਰਿਹਾ ਹੈ।ਲਖਨਊ ਦੇ ਹੋਟਲ ਸ਼ਰਨਜੀਤ 'ਚ ਪਰਿਵਾਰ ਦੇ ਪੰਜਾਂ ਮੈਂਬਰਾਂ ਦੀਆਂ ਲਾਸ਼ਾਂ ਮਿਲੀਆਂ ਹਨ। ਮਾਮਲਾ ਥਾਣਾ ਨਾਕਾ ਇਲਾਕੇ ਤੋਂ ਸਾਹਮਣੇ ਆਇਆ ਹੈ, ਜਿੱਥੇ ਹੋਟਲ ਸ਼ਰਨਜੀਤ 'ਚ ਅਰਸ਼ਦ ਨਾਂ ਦੇ ਨੌਜਵਾਨ ਨੇ ਆਪਣੀ ਮਾਂ ਅਤੇ ਚਾਰ ਭੈਣਾਂ ਦਾ ਕਤਲ ਕਰ ਦਿੱਤਾ। ਕਤਲ ਦਾ ਕਾਰਨ ਪਰਿਵਾਰਕ ਝਗੜਾ ਦੱਸਿਆ ਜਾ ਰਿਹਾ ਹੈ। ਮੁਲਜ਼ਮ ਅਰਸ਼ਦ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮ ਨੇ ਕਤਲ




ਦਾ ਕਾਰਨ ਪਰਿਵਾਰਕ ਝਗੜਾ ਦੱਸਿਆ। ਹਾਲਾਂਕਿ ਸੱਚ ਕੀ ਹੈ, ਪੁਲਿਸ ਅਜੇ ਇਸ ਦੀ ਜਾਂਚ ਕਰ ਰਹੀ ਹੈ। ਦੋਸ਼ੀ ਅਰਸ਼ਦ ਨੇ 9 ਸਾਲ ਦੀ ਆਲੀਆ, 19 ਸਾਲ ਦੀ ਅਲਸ਼ੀਆ, 16 ਸਾਲ ਦੀ ਅਕਸਾ ਅਤੇ 18 ਸਾਲ ਦੀ ਰਹਿਮੀਨ ਸਮੇਤ ਆਪਣੀ ਮਾਂ ਅਤੇ ਚਾਰ ਭੈਣਾਂ ਦਾ ਕਤਲ ਕੀਤਾ ਸੀ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਿਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# 5 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਏ.ਐਸ.ਆਈ. ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

## ਮੁਲਜ਼ਮ ਨੇ ਪਹਿਲਾਂ ਵੀ ਸ਼ਿਕਾਇਤਕਤਾ ਦਾ ਪੱਖ ਲੈਣ ਬਦਲੇ ਲਈ ਸੀ 1500 ਰੁਪਏ ਰਿਸ਼ਵਤ

**ਕਪੂਰਥਲਾ, (ਕੌੜਾ)–** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਥਾਣਾ ਸਿਟੀ-2, ਕਪੂਰਥਲਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਮਨਜੀਤ ਸਿੰਘ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਿਸ ਮੁਲਾਜ਼ਮ ਵਿਰੁੱਧ ਇਹ ਕੇਸ ਕਪੂਰਥਲਾ ਜ਼ਿਲ੍ਹੇ ਦੇ ਫੱਤੂਢੀਂਗਾ ਦੀ ਰਹਿਣ ਵਾਲੀ ਗੁਰਜੀਤ ਕੌਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਹੈ ਕਿ ਉਕਤ ਮੁਲਜ਼ਮ ਨੇ ਉਸਦੇ ਖਿਲਾਫ਼ ਥਾਣੇ ਵਿੱਚ ਕੀਤੀ ਗਈ ਸ਼ਿਕਾਇਤ ਦੀ ਨਕਲ ਅਤੇ



ਉਸ ਵੱਲੋਂ ਸ਼ਿਕਾਇਤ ਕਰਨ ਵਾਲੇ ਵਿਅਕਤੀਆਂ ਨਾਲ ਕੀਤੇ ਗਏ ਰਾਜ਼ੀਨਾਮੇ ਦੀਆਂ ਕਾਪੀਆਂ ਮੁਹੱਈਆ ਕਰਵਾਉਣ ਬਦਲੇ ਉਸ ਤੋਂ 5,000 ਰੁਪਏ ਰਿਸ਼ਵਤ ਮੰਗੀ ਸੀ। ਸ਼ਿਕਾਇਤਕਰਤਾ ਗੁਰਜੀਤ ਕੌਰ ਨੇ ਅੱਗੇ ਦੱਸਿਆ ਕਿ ਮੁਲਜ਼ਮ ਏ.ਐਸ.ਆਈ. ਨੇ ਉਕਤ ਪੁਲਿਸ ਸ਼ਿਕਾਇਤ ਦਾ ਨਿਬੇੜਾ ਉਸਦੇ ਹੱਕ ਵਿੱਚ ਕਰਨ ਲਈ ਉਸ ਤੋਂ ਪਹਿਲਾਂ ਵੀ 1500 ਰੁਪਏ ਲੈ ਲਏ ਹਨ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਪੁਲਿਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਰਕਮ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

# ਪਿੰਡ ਚੰਗਣ ਦੀ ਨੌਜਵਾਨ ਸਭਾ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ, ਨਵੇਂ ਸਾਲ ਅਤੇ ਭੀਮਾ ਕੋਰੇਗਾਂਵ ਦਿਵਸ ਨੂੰ ਸਮਰਪਿਤ ਚਾਹ ਤੇ ਪਕੌੜਿਆਂ ਦਾ ਲੰਗਰ ਲਗਾਇਆ




ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਲੰਗਰ ਦੀ ਸੇਵਾ ਬਾਰੇ ਭਵਨਦੀਪ ਸਿੰਘ ਚੰਗਣ ਨੇ ਦੱਸਿਆ ਕਿ ਇਹ ਸਾਰਾ ਪ੍ਰੋਗਰਾਮ ਨਗਰ ਦੇ ਸੂਝਵਾਨ ਨੌਜਵਾਨਾਂ ਨੇ ਰਲ਼-ਮਿਲ ਕੇ ਕੀਤਾ। ਮਾ. ਭੁਪਿੰਦਰ ਸਿੰਘ ਚੰਗਣ ਨੇ ਭੀਮਾ ਕੋਰੇਗਾਂਵ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਆਪਣੇ ਵਿਚਾਰ ਪ੍ਰਗਟ ਕੀਤੇ। 1 ਜਨਵਰੀ 1818 ਵਿੱਚ ਪਿੰਡ ਭੀਮਾ ਕੋਰੇਗਾਂਵ ਵਿਖੇ 500 ਮਹਾਰ ਸੈਨਿਕਾਂ ਅਤੇ 28000 ਪੇਸ਼ਵਾ ਫੌਜਾਂ ਵਿਚਕਾਰ ਲੜੀ ਗਈ, ਜੋ ਇੱਕ ਆਸਾਧਾਰਨ ਬਹਾਦਰੀ ਦਾ ਪ੍ਰਦਰਸ਼ਨ ਕਰਦੀ ਹੈ । ਇਹ ਸਥਾਨ ਅੱਜ ਕ੍ਰਾਂਤੀਕਾਰੀ ਅੰਦੋਲਨਕਾਰੀਆਂ ਲਈ ਪ੍ਰਮੁੱਖ ਕੇਂਦਰ ਹੈ, ਜਿੱਥੇ ਹਰ ਸਾਲ ਹਜ਼ਾਰਾਂ ਲੋਕ ਸ਼ੌਰਿਆ ਦਿਵਸ ਮਨਾਉਣ ਆਉਂਦੇ ਹਨ। ਭੀਮਾ ਕੋਰੇਗਾਂਵ ਨਾ ਸਿਰਫ਼ ਇੱਕ ਇਤਿਹਾਸਕ ਸਥਾਨ ਹੈ, ਸਗੋਂ ਸਮਾਜਿਕ ਨਿਆਂ, ਸਮਾਨਤਾ ਅਤੇ ਮਾਣ-ਸਨਮਾਨ ਦੇ ਲਈ ਸੰਘਰਸ਼ ਦਾ ਪ੍ਰਤੀਕ ਹੈ। ਇਸ ਮੌਕੇ ਭਵਨਦੀਪ ਸਿੰਘ , ਸਾਬਕਾ ਸਰਪੰਚ ਨਛੱਤਰ ਸਿੰਘ, ਮਿੰਦੂ , ਸਾਬਕਾ ਪੰਚ ਦਲਵਾਰਾ ਸਿੰਘ, ਗੋਪੀ, ਮਨਪ੍ਰੀਤ ਸਿੰਘ , ਮਾਂ. ਪੁਸ਼ਵਿੰਦਰ ਸਿੰਘ ਚੰਗਣ, ਜਗਜੀਤ ਸਿੰਘ ( ਹੇਅਰ ਕੱਟ) , ਕੁਲਦੀਪ ਸਿੰਘ (ਸੋਨੂੰ) , ਪੰਚ ਰਾਮ ਰਤਨ ਸਿੰਘ, ਤੇਜਾ ਸਿੰਘ, ਅਜੀਤਪਾਲ ਸਿੰਘ, ਸੁਖਦੀਪ ਸਿੰਘ ਲਾਡੀ, ਖੁਸ਼ਦੀਪ ਸਿੰਘ , ਢਾਡੀ ਗੁਰਪ੍ਰੀਤ ਸਿੰਘ, ਪੰਚ ਗੁਰਦੀਪ ਸਿੰਘ, ਹਰਪਾਲ ਸਿੰਘ ਅਤੇ ਹੋਰ ਨੌਜਵਾਨ ਵੀਰ, ਬਜ਼ੁਰਗ ਹਾਜ਼ਰ ਸਨ।

# ਮਹਾਂ ਪੰਜਾਬ ਕਬੱਡੀ ਚੈਂਪੀਅਨਸ਼ਿਪ ਬਾਗੜੀਆਂ ਕਪੂਰਥਲਾ ਵਿਖੇ ਕਰਵਾਇਆ ਜਾ ਰਿਹਾ : ਕਾਲਾ ਬਾਗੜੀਆਂ

**ਕਪੂਰਥਲਾ ਬਾਗੜੀਆਂ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਕਾਲਾ ਬਾਗੜੀਆਂ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ 11 ਫਰਵਰੀ 2025 ਦਿਨ ਮੰਗਲਵਾਰ ਨੂੰ ਮਹਾਂ ਪੰਜਾਬ ਕਬੱਡੀ ਚੈਂਪੀਅਨਸ਼ਿਪ ਬਾਗੜੀਆਂ ਕਪੂਰਥਲਾ ਵਿਖੇ ਕਰਵਾਇਆ ਜਾਵੇਗਾ। ਜਿਸ ਵਿਚ ਮੁੱਖ ਤੌਰ ਤੇ ਸਹਿਯੋਗ ਕਾਲਾ ਬਾਗੜੀਆਂ ਗੱਬਰ ਬਾਗੜੀਆਂ ਅਤੇ ਅਜੈਬ ਸਿੰਘ ਕਬੱਡੀ ਕੋਚ ਦਾ ਦਿੱਤਾ ਗਿਆ। ਇਸ ਚੈਂਪੀਅਨਸ਼ੀਪ ਵਿੱਚ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੀਆਂ ਟੀਮਾਂ ਹਿੱਸਾ ਲੈਣਗੇ ਜਿਹਨਾਂ ਵਿੱਚੋ ਹਨ ਕਪੂਰਥਲਾ, ਹੁਸ਼ਿਆਰਪੁਰ + ਨਵਾਂ ਸ਼ਹਿਰ + ਪਠਾਨਕੋਟ, ਜਲੰਧਰ , ਗੁਰਦਾਸਪੁਰ +ਅੰਮ੍ਰਿਤਸਰ , ਰੋਪੜ ਮੋਹਾਲੀ ਫ਼ਤਹਿਗੜ੍ਹ ਸਾਹਿਬ , ਤਰਨ ਤਾਰਨ, ਮੋਗਾ ਮੁਕਤਸਰ ਫਾਜ਼ਿਲਕਾ ਫਿਰੋਜ਼ਪੁਰ, ਕੈਥਲ ਰੋਹਤਕ ਜੱਜਰ, ਬਠਿੰਡਾ ਮਾਨਸਾ ਫਰੀਦਕੋਟ, ਸੰਗਰੂਰ ਬਰਨਾਲਾ ਮਾਲੇਰਕੋਟਲਾ, ਲੁਧਿਆਣਾ ਪਟਿਆਲਾ, ਹਿਸਾਰ ਜੀਂਦ ਫਤਿਹਾਬਾਦ ਹਰਿਆਣਾ ਅਤੇ ਹੋਰ ਇਲਾਕੇ । ਇਸ ਚੈਂਪੀਅਨਸ਼ਿੱਪ ਵਿੱਚ ਪਹਿਲਾ ਦਰਜਾ ਹਾਸਿਲ ਕਰਨ ਵਾਲੇ ਨੂੰ ਇਨਾਮ ਵਜੋਂ 5,00,000 ਰੁਪਏ ਦੂਜਾ ਇਨਾਮ 4,00,000 ਰੁਪਏ ਦਿੱਤੇ ਜਾਣਗੇ। ਬੈਸਟ ਰੇਡਰ ਅਤੇ ਜਾਫੀ ਲਈ ਨਵੇਂ ਨਿਊ ਹਾਲੈਂਡ ਟਰੈਕਟਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸੈਮੀ ਫਾਈਨਲ ਦੇ ਇਨਾਮ 2,00,000 ਹੋਵੇਗਾ। ਕੁਆਟਰ ਫਾਈਨਲ ਵਿੱਚ 1,50,000 ਅਤੇ ਪਹਿਲੇ ਪਹਿਲੇ ਰਾਊਂਡ ਦੇ ਇਨਾਮ ਵਿੱਚ 1,25,000 ਦਿੱਤਾ ਜਾਵੇਗਾ।




The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕਲਮਾਂ ਦੀ ਪਰਵਾਜ਼ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ 6 ਸਾਹਿਤਕਾਰਾਂ ਦਾ ਵਿਸ਼ੇਸ਼ ਸਨਮਾਨ

## ਪੁਸਤਕ ਆਗਾਜ਼ ਏ ਲਿਖਤ ਲੋਕ ਅਰਪਨ



**ਹੁਸ਼ਿਆਰਪੁਰ (ਰਮੇਸ਼ਵਰ ਸਿੰਘ)** ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਅਤੇ ਕਲਮਾਂ ਦੀ ਪਰਵਾਜ਼ ਵਿਸ਼ਵ ਪੰਜਾਬੀ ਸਾਹਿਤਕ ਸਾਂਝ ਸੰਸਥਾ ਵਲੋਂ ਪੰਜਾਬੀ ਸਾਹਿਤ ਸਭਾ, ਮਾਹਿਲਪੁਰ ਦੇ ਸਹਿਯੋਗ ਨਾਲ਼ ਸ਼੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਿਜ, ਮਾਹਿਲਪੁਰ ਵਿਖੇ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ 'ਤੇ ਕਲਮਾਂ ਦੀ ਪਰਵਾਜ਼ ਵਿਸ਼ਵ ਪੰਜਾਬੀ ਸਾਹਿਤਕ ਸਾਂਝ ਸੰਸਥਾ ਵਲੋਂ ਪੰਜਾਬੀ ਸਾਹਿਤ ਵਿੱਚ ਵਡਮੁੱਲਾ ਯੋਗਦਾਨ ਪਾ ਰਹੇ ਛੇ ਸਾਹਿਤਕਾਰਾਂ ਜਨਾਬ ਪ੍ਰੋ:ਸੰਧੂ ਵਰਿਆਣਵੀ ਜਨਰਲ ਸਕੱਤਰ (ਸੇਖੋਂ) ਸਭਾ, ਜਨਾਬ ਰੇਸ਼ਮ ਚਿੱਤਰਕਾਰ (ਪ੍ਰਧਾਨ ਦਰਪਣ ਸਾਹਿਤ ਸਭਾ, ਸੈਲਾ ਖੁਰਦ), ਜਨਾਬ ਜਗਦੀਸ਼ ਰਾਣਾ ਸਕੱਤਰ (ਸੇਖੋਂ) ਸਭਾ, ਜਨਾਬ ਪਵਨ ਭੰਮੀਆਂ ਮੁੱਖ ਸਕੱਤਰਦੁਆਬਾ ਸਾਹਿਤ ਸਭਾ ਗੜ੍ਹਸ਼ੰਕਰ, ਜਨਾਬ ਪ੍ਰਿੰਸ: ਸੁਰਿੰਦਰ ਸਿੰਘ ਪ੍ਰਦੇਸੀ ਪ੍ਰਧਾਨ ਪੰਜਾਬੀ ਸਾਹਿਤ ਸਭਾ ਮਾਹਿਲਪੁਰ, ਜਨਾਬ ਤਾਰਾ ਸਿੰਘ ਚੇੜਾ ਪ੍ਰਧਾਨ ਦੁਆਬਾ ਸਾਹਿਤ ਸਭਾ ਲਧਾਣਾ ਝਿੱਕਾ ਦਾ ਯਾਦਗਾਰੀ ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਪ੍ਰਿੰਸ. ਪਰਵਿੰਦਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ 'ਸ਼ਮਾ ਰੌਸ਼ਨ' ਕਰਨ ਦੀ ਰਸਮ ਤੋਂ ਬਾਅਦ ਕੀਤੀ ਗਈ। ਉਪਰੰਤ ਕਵੀ ਦਰਬਾਰ ਸ਼ੁਰੂ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਖਾਲਸਾ ਕਾਲਜ ਦੇ ਪ੍ਰਿੰਸ: ਸ. ਪਰਵਿੰਦਰ ਸਿੰਘ ਸਮੇਤ ਸਨਮਾਨਿਤ ਕੀਤੇ ਜਾਣ ਵਾਲ਼ੇ ਸਾਹਿਤਕਾਰ ਅਤੇ ਸੇਖੋਂ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਜੱਸੀ ਸ਼ਾਮਿਲ ਸਨ। ਇਸੇ ਸਮਾਰੋਹ ਦੇ ਦੌਰਾਨ ਰਮਣੀਕ ਸਿੰਘ ਘੁੰਮਣ ਅਤੇ ਉਹਨਾਂ ਦੀ ਬੇਟੀ ਜਸ਼ਨਜੋਤ ਦਾ ਸਾਂਝਾ ਕਾਵਿ ਸੰਗ੍ਰਹਿ 'ਆਗਾਜ਼-ਏ-ਲਿਖ਼ਤ' ਲੋਕ -ਅਰਪਣ ਕੀਤਾ ਗਿਆ। ਸਮਾਰੋਹ ਵਿੱਚ ਹਾਜ਼ਿਰ ਕਵੀਆਂ ਨੇ ਆਪਣੇ ਖੂਬਸੂਰਤ ਕਲਾਮ ਪੇਸ਼ ਕਰਕੇ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ ਇਹਨਾਂ ਕਵੀਆਂ ਵਿੱਚ ਰੁਪਿੰਦਰਜੋਤ ਸਿੰਘ ਮਾਹਿਲਪੁਰੀ, ਜਗਜੀਤ ਸਿੰਘ ਗਣੇਸ਼ਪੁਰ, ਸੇਵਾ ਸਿੰਘ ਨੂਰਪੁਰੀ, ਜਸ਼ਨਜੋਤ, ਸਾਬੀ ਪੱਖੋਵਾਲ, ਮਨੋਜ ਫਗਵਾੜਵੀ, ਰਣਜੀਤ ਪੋਸੀ, ਤਰਨਜੀਤ ਗੋਗੋਂ, ਰਘਵੀਰ ਸਿੰਘ ਕਲੋਆ, ਬਲਵੀਰ ਕੌਰ ਝੂਟੀ, ਦਲਜੀਤ ਮਹਿਮੀ ਕਰਤਾਰਪੁਰ, ਸ਼ਾਮ ਸੁੰਦਰ, ਹਰਦਿਆਲ ਹੁਸ਼ਿਆਰਪੁਰੀ, ਤਾਰਾ ਸਿੰਘ ਚੇੜਾ, ਗੁਰਦੀਪ ਸੈਣੀ, ਜਸਵਿੰਦਰ ਜੱਸੀ (ਜ਼ਿਲ੍ਹਾ ਪ੍ਰਧਾਨ), ਰੇਸ਼ਮ ਚਿੱਤਰਕਾਰ, ਪਵਨ ਭੰਮੀਆਂ, ਪ੍ਰੋ:ਸੰਧੂ ਵਰਿਆਣਵੀ, ਪ੍ਰਿੰਸ: ਸੁਰਿੰਦਰ ਸਿੰਘ ਪ੍ਰਦੇਸੀ, ਈ.ਟੀ.ਓ.ਤੀਰਥ ਚੰਦ,ਸ਼ਾਮਿਲ ਸਨ । ਸਟੇਜ਼ ਦਾ ਸੰਚਾਲਨ ਬੱਬੂ ਮਾਹਿਲਪੁਰੀ ਨੇ ਬਾਖੂਬੀ ਨਿਭਾਇਆ। ਸਮਾਗਮ ਦੇ ਅੰਤ ਵਿੱਚ ਹਾਜ਼ਰ ਹੋਏ ਸ਼ਾਇਰਾਂ ਨੂੰ ਵੀ ਸਨਮਾਨ ਚਿੰਨ੍ਹ ਦਿੱਤੇ ਗਏ। ਇਸ ਸਫਲ ਪ੍ਰੋਗਰਾਮ ਲਈ ਸਾਰਿਆਂ ਨੇ ਜੱਸੀ ਨੂੰ ਮੁਬਾਰਕਬਾਦ ਦਿੱਤੀ।

# ਅੱਜ ਨਵੇਂ ਸਾਲ ਤੇ ਬਸਪਾ ਨੂੰ ਮਜ਼ਬੂਤ ਕਰਨ ਲਈ ਮਾਨਯੋਗ ਆਕਾਸ਼ ਅਨੰਦ ਜੀ ਨਾਲ ਮੁਲਾਕਾਤ ਹੋਈ --ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ



**ਦਿੱਲੀ (ਚਰਨਜੀਤ ਸੱਲ੍ਹਾ )** ਅੱਜ ਨਵੇਂ ਸਾਲ ਦੇ ਪਹਿਲੇ ਦਿਨ ਹੀ ਕੇਂਦਰੀ ਦਫ਼ਤਰ ਵਿੱਚ ਮਾਨਯੋਗ ਸ੍ਰੀ ਆਕਾਸ਼ ਅਨੰਦ ਜੀ ਨੈਸ਼ਨਲ ਕੋਆਰਡੀਨੇਟਰ ਜੀ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਅਤੇ ਬਹੁਜਨ ਸਮਾਜ ਪਾਰਟੀ ਨੂੰ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਤੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਅਤੇ ਬੈਨੀਪਾਲ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਤੇ, ਆਓ ਬੇਗਮਪੁਰੇ ਦੀ ਗੱਲ ਕਰੀਏ, ਗੀਤ ਦੀ ਸ਼ੂਟਿੰਗ ਹੋਈ





**ਬੰਗਾ( ਚਰਨਜੀਤ ਸੱਲ੍ਹਾ )** ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਤੇ ਰਲੀਜ ਹੋਣ ਵਾਲੇ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਅਤੇ ਗੀਤਕਾਰ ਅਮਰਜੀਤ ਬੇਗਮਪੁਰੀ ਕਨੇਡਾ ਜੀ ਦੀ ਪੇਸ਼ਕਸ਼ ਕ੍ਰਾਂਤੀਕਾਰੀ ਗੀਤ"ਆਓ ਬੇਗਮਪੁਰੇ ਦੀ ਗੱਲ ਕਰੀਏ"ਦੀ ਸੂਟਿੰਗ ਸ਼ੁਰੂ ਕਰਨ ਸਮੇਂ ਤੁਹਾਡਾ ਆਪਣਾ ਗਾਇਕਃ-ਰਾਜ ਦਦਰਾਲ ਗਾਇਕ ਨਿੰਰਮਲ ਨਿੰਮਾ, ਜਗਦੀਸ਼ ਜਾਡਲਾ, ਹਰਦੀਪ ਦੀਪਾ,ਦਵਿੰਦਰ ਰੂਹੀ, ਹਰਦੀਪ ਬੱਲ, ਲੱਕੀ ਹਿਆਲਾ, ਆਰ.ਡੀ.ਸਾਗਰ, ਜਾਡਲਾ,ਦੀਪ ਅਲਾਚੌਰੀਆ, ਦਵਿੰਦਰ ਬੀਸਲਾ ਅਤੇ ਰਾਜ ਮਨਰਾਜ ਜੀ ਵੀਡੀਓ ਡਾਇਰੈਕਟਰ ਧਰਮਵੀਰ ਏ.ਜੇ ਫ਼ਿਲਮ,ਜੋ ਰਵਿਜੈ ਗੀਤ ਸਤਿਕਾਰ ਯੋਗ ਬਿੱਲ ਬਸਰਾ ਕਨੇਡਾ,ਧਰਮਪਾਲ ਕਲੇਰ ਜਰਮਨੀ,ਮਾਃਮੱਖਣ ਬਖਲੌਰ ਜੀ ਦੇ ਨਿੱਘੇ ਸਹਿਯੋਗ ਸਦਕਾ ਤਿਆਰ ਕੀਤਾ ਜਾ ਰਿਹਾ ਹੈ ਮਿਊਜਕ ਸ੍ਰੀ.ਬੀ.ਆਰ.ਡਿਮਾਣਾ ਜੀ ਦਾ ਹੈ।

# ਵਪਾਰਕ ਏਕਤਾ ਮੰਚ ਵੱਲੋਂ ਨਵੇਂ ਸਾਲ 'ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਲੰਗਰ ਲਗਾਇਆ ਗਿਆ

**ਬੰਗਾ (ਚਰਨਜੀਤ ਸੱਲ੍ਹਾ)** ਵਪਾਰੀ ਏਕਤਾ ਮੰਚ ਦੇ ਬੈਨਰ ਹੇਠ ਸ਼ਹਿਰ ਦੇ ਸਭ ਤੋਂ ਪੁਰਾਣੇ ਬਾਜ਼ਾਰ ਮਨਿਆਰੀ ਬਜ਼ਾਰ ਦੇ ਦੁਕਾਨਦਾਰਾਂ ਨੇ ਨਵੇਂ ਸਾਲ ਦੀ ਆਮਦ 'ਤੇ ਗੁਰਦੁਆਰਾ ਸਿੰਘ ਸਭਾ ਵਿਖੇ ਸਮੂਹ ਦੁਕਾਨਦਾਰ ਭਰਾਵਾਂ ਨੇ ਇਲਾਕਾ ਨਿਵਾਸੀਆਂ ਦੀ ਤੰਦਰੁਸਤੀ ਅਤੇ ਤੰਦਰੁਸਤੀ ਲਈ ਅਰਦਾਸ ਕੀਤੀ ਝ 2025. ਇਸ ਤੋਂ ਬਾਅਦ ਵਪਾਰੀ ਏਕਤਾ ਮੰਚ ਦੇ ਪ੍ਰਧਾਨ ਅਮਰਜੀਤ ਸਿੰਘ ਗੋਲੀ ਦੀ ਪ੍ਰਧਾਨਗੀ ਹੇਠ ਮਨਿਆਰੀ ਬਾਜ਼ਾਰ ਵਿੱਚ ਦੁਕਾਨਦਾਰਾਂ ਅਤੇ ਗਾਹਕਾਂ ਵਿੱਚ ਭੁੱਗਾ ਪ੍ਰਸ਼ਾਦ ਵੰਡ ਕੇ ਲੋਕਾਂ ਨੂੰ ਮਿੱਠਾ ਕਰਵਾਇਆ ਗਿਆ ਅਤੇ ਚਾਹ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਵਪਾਰੀ ਏਕਤਾ ਫੋਰਮ ਦੇ ਮੁਖੀ ਅਮਰਜੀਤ ਸਿੰਘ ਗੋਲੀ ਨੇ ਸਾਰਿਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦੇਣ ਤੋਂ ਬਾਅਦ ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹੋਏ ਪ੍ਰਮਾਤਮਾ ਅੱਗੇ ਅਰਦਾਸ ਕੀਤੀ


ਨਵੇਂ ਸਾਲ ਦੀਆਂ ਵਧਾਈਆਂ ਅਤੇ ਆਸ਼ੀਰਵਾਦ ਦਿੰਦੇ ਹੋਏ ਵਪਾਰੀ ਏਕਤਾ ਮੰਚ ਦੇ ਮੈਂਬਰ।

ਕਿ ਨਵਾਂ ਸਾਲ ਸਭ ਲਈ ਖੁਸ਼ੀਆਂ ਭਰਿਆ ਹੋਵੇ। ਵਪਾਰ ਵਿੱਚ ਵਾਧਾ ਹੋਣਾ ਚਾਹੀਦਾ ਹੈ ਅਤੇ ਹਰ ਕੋਈ ਸਿਹਤਮੰਦ ਰਹਿਣਾ ਚਾਹੀਦਾ ਹੈ ਇਸ ਮੌਕੇ ਵਪਾਰੀ ਏਕਤਾ ਮੰਚ ਦੇ ਪ੍ਰਧਾਨ ਅਮਰਜੀਤ ਸਿੰਘ ਗੋਲੀ, ਡਾ: ਰਾਜਨ ਸ਼ਰਮਾ, ਅਸ਼ੋਕ ਡਾਵਰ, ਕਮਲ ਜੈਨ, ਰਵਿੰਦਰ ਸਿੰਘ, ਰਾਹੁਲ ਜੈਨ, ਵਿਸ਼ਾਲ ਚੁੱਘ, ਕਾਰਤਿਕ ਚੁੱਘ, ਚਿਰਾਗ ਅਰੋੜਾ, ਹਰਮਿੰਦਰ ਸਿੰਘ, ਓਮਕਾਰ ਸਿੰਘ, ਬਲਵਿੰਦਰ ਸਿੰਘ, ਜਗਜੀਤ ਸਿੰਘ, ਡਾ. ਰਾਜੇਸ਼ ਅਰੋੜਾ ਆਦਿ ਹਾਜ਼ਰ ਸਨ।

# ਪੰਜਾਬ ਵਿੱਚ ਤਰ੍ਹਾਂ ਤਰ੍ਹਾਂ ਦੇ ਨਸ਼ਿਆਂ ਦੇ ਮੱਕੜ ਜਾਲ ਵਿੱਚ ਫਸਕੇ ਆਪਣੀ ਜ਼ਿੰਦਗੀ ਬਰਬਾਦ ਕਰ ਰਹੇ ਹਨ : ਬਲਜਿੰਦਰ ਸਿੰਘ ਖਾਲਸਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪੰਜਾਬ ਵਿੱਚ ਤਰ੍ਹਾਂ ਤਰ੍ਹਾਂ ਦੇ ਨਸ਼ਿਆਂ ਦੀ ਗਿਰਫਤ ਵਿੱਚ ਆਈ ਪੰਜਾਬ ਦੀ ਨੌਜਵਾਨ ਪੀੜੀ ਪੂਰੀ ਤਰ੍ਹਾਂ ਬਰਬਾਦ ਹੋ ਰਹੀ ਹੈ ਹਸਪਤਾਲਾਂ ਵਿੱਚ ਨਸ਼ਿਆਂ ਦੇ ਸ਼ਿਕਾਰ ਹੋਏ ਮਰੀਜ਼ਾਂ ਦੀ ਦਿਨੋ ਦਿਨ ਵੱਧ ਰਹੀ ਗਿਣਤੀ ਚਿੰਤਾਜਨਕ ਹੁੰਦੀ ਜਾ ਰਹੀ ਹੈ ! ਇਹ ਵਿਚਾਰ ਦਲ ਖਾਲਸਾ ਦੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਸਾਡੇ ਪੱਤਰਕਾਰ ਨਾਲ ਇੱਕ ਵਾਰਤਾ ਦੌਰਾਨ ਸਾਂਝੇ ਕੀਤੇ ! ਉਹਨਾਂ ਕਿਹਾ ਕਿ ਨਸ਼ੇ ਪੰਜਾਬ ਦੀ ਨੌਜਵਾਨ ਪੀੜੀ ਨੂੰ ਘੁਣ ਵਾਂਗ ਖਾ ਰਹੇ ਹਨ ਅਤੇ ਨਸ਼ਿਆਂ ਦੇ ਆਦੀ ਨੌਜਵਾਨਾਂ ਦੀ ਗਿਣਤੀ ਦਿਨੋ ਦਿਨ ਵੱਧਦੀ ਜਾ ਰਹੀ ਹੈ ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ ਉਹਨਾਂ ਕਿਹਾ ਕਿ ਨਸ਼ਿਆਂ ਦਾ ਸ਼ਿਕਾਰ ਹੋਏ ਨੌਜਵਾਨਾਂ ਦੇ ਘਰਾਂ ਵਿੱਚ ਹਮੇਸ਼ਾ ਕਲੇਸ਼ ਰਹਿੰਦਾ ਹੈ ਅਤੇ ਕਚਹਿਰੀਆਂ ਵਿੱਚ ਤਲਾਕਾਂ ਦੇ ਕੇਸਾਂ ਦੇ ਵੱਧਣ ਦੀ ਗਿਣਤੀ ਦਾ ਕਾਰਨ ਵੀ ਨਸ਼ੇ ਹੀ ਹਨ ਉਹਨਾਂ ਕਿਹਾ ਕਿ ਪੰਜਾਬ ਦੇ ਨੌਜਵਾਨਾ ਦੇ ਨਾਲ ਨਾਲ



ਪੰਜਾਬ ਦੀਆਂ ਕੁੜੀਆਂ ਵੀ ਨਸ਼ਿਆਂ ਦਾ ਸ਼ਿਕਾਰ ਹੋ ਚੁੱਕੀਆਂ ਹਨ ਉਹਨਾਂ ਕਿਹਾ ਕਿ ਜਿੱਥੇ ਨੌਜਵਾਨ ਨਸ਼ਿਆਂ ਦੀ ਪੂਰਤੀ ਲਈ ਚੋਰੀ ਅਤੇ ਲੁੱਟਾ ਖੋਹਾ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ਉੱਥੇ ਨਸ਼ਿਆਂ ਦਾ ਸ਼ਿਕਾਰ ਹੋਈਆਂ ਨੌਜਵਾਨ ਕੁੜੀਆਂ ਨਸ਼ਿਆਂ ਦੀ ਪੂਰਤੀ ਲਈ ਆਪਣਾ ਜਿਸਮ ਵੇਚਣ ਲਈ ਮਜਬੂਰ ਹੋ ਜਾਂਦੀਆਂ ਹਨ ਅਤੇ ਹੋ ਰਹੀਆਂ ਹਨ। ਉਹਨਾਂ ਇਹ ਵੀ ਕਿਹਾ ਕਿ ਚਿੱਟੇ ਦੇ ਨਸ਼ੇ ਦਾ ਸ਼ਿਕਾਰ ਹੋਈ ਨੌਜਵਾਨ ਪੀੜੀ ਬੱਚਾ ਪੈਦਾ ਕਰਨ ਦੇ ਸਮਰੱਥ ਵੀ ਨਹੀਂ ਰਹਿੰਦੀ ਉਹਨਾਂ ਕਿਹਾ ਕਿ ਨਸ਼ੇ ਦੀ ਰੋਕਥਾਮ ਲਈ ਉਹ ਆਪਣੇ ਪੱਧਰ ਤੇ ਵੱਖ ਵੱਖ ਪਿੰਡਾਂ ਕਸਬਿਆਂ ਅਤੇ ਮਹੱਲਿਆਂ ਵਿੱਚ ਨਸ਼ਾ ਛੁਡਵਾਉਣ ਸਬੰਧੀ ਕੈਂਪ ਲਗਾ ਕੇ ਅੱਜ ਦੀ ਨੌਜਵਾਨ ਪੀੜੀ ਨੂੰ ਜਾਗਰੂਕ ਕਰ ਰਹੇ ਹਨ ਉਹਨਾਂ ਕਿਹਾ ਕਿ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਵਿੱਚ ਬਣੀਆਂ ਸਮਾਜਸੇਵੀ ਜਥੇਬੰਦੀਆਂ ਦੇ ਆਗੂਆਂ ਨੂੰ ਪਿੰਡ ਪਿੰਡ ਅਤੇ ਸ਼ਹਿਰਾਂ ਵਿੱਚ ਨਸ਼ੇ ਦੇ ਮਾੜੇ ਪ੍ਰਭਾਵਾਂ ਕਾਰਨ ਨੌਜਵਾਨਾਂ ਦੀ ਬਰਬਾਦ ਹੋ ਰਹੀ ਜ਼ਿੰਦਗੀ ਬਾਰੇ ਵੀ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਨਸ਼ੇ ਨੂੰ ਰੋਕਣ ਲਈ ਲੋਕਾਂ ਨੂੰ ਪੁਲਿਸ ਦਾ ਵੀ ਸਾਥ ਦੇਣਾ ਚਾਹੀਦਾ ਹੈ ਉਹਨਾਂ ਅਖੀਰ ਵਿੱਚ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਸ਼ਿਆਂ ਦੀ ਰੋਕਥਾਮ ਲਈ ਲੋਕਾਂ ਨੂੰ ਜਾਗਰੂਕ ਹੋਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਉਹ ਭਟਕ ਚੁੱਕੀਆਂ ਕੁੜੀਆਂ ਤੇ ਮੁੰਡਿਆਂ ਨੂੰ ਵੀ ਨਸ਼ਾ ਛਡਾਊ ਕੇਂਦਰਾਂ ਵਿੱਚ ਪਹੁੰਚਾਉਣ ਲਈ ਮਦਦ ਕਰਨ !

# ਫੌਜੀ ਨੰਬਰਦਾਰ ਨਿਸ਼ਾਨ ਸਿੰਘ ਜੀ ਨੇ ਸਸਤੀਆਂ ਸ਼ਬਜੀਆਂ ਅਤੇ ਫ਼ਲ ਫਰੂਟਾਂ ਕਿਸਾਨ ਹੱਟ ਖੋਲਿਆ: ਦਿਲਬਾਗ ਸਿੰਘ ਬਾਗੀ

**ਬੰਗਾ (ਚਰਨਜੀਤ ਸੱਲ੍ਹਾ )** ਨੰਬਰਦਾਰ ਨਿਸ਼ਾਨ ਸਿੰਘ ਹੀਉਂ ਜੀ ਨੇ ਸਸਤੀਆਂ ਸ਼ਬਜੀਆਂ ਅਤੇ ਫੱਲ ਫਰੂਟਾਂ ਦੀ ਦੁਕਾਨ ਖੋਲ੍ਹੀ ਹੈ। ਇਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਕਹਿਣ ਮੁਤਾਬਕ ਕਿਰਤ ਕਰੋ ਵੰਡ ਛਕੋ ਅਤੇ ਨਾਮ ਜਪੋ ਦੇ ਵਚਨਾਂ ਤੇ ਚੱਲਣ ਵਾਲੇ ਕਿਸਾਨ ਨੇ ਇਹ ਸ਼ਬਦ ਸ ਦਿਲਬਾਗ ਸਿੰਘ ਬਾਗੀ ਪ੍ਰਧਾਨ ਰੋਟਰੀ ਕਲੱਬ ਬੰਗਾ ਨੇ ਕਹੇ । ਉਨ੍ਹਾਂ ਕਿਹਾ ਕਿ ਤਾਜ਼ੀ ਅਤੇ ਸਾਫ਼ ਸਬਜ਼ੀ ਇਥੋਂ ਲਓ । ਨਿਸ਼ਾਨ ਸਿੰਘ ਪਹਿਲਾਂ ਵੀ ਸਿੱਖ ਰੈਜੀਮੈਂਟ ਵਿੱਚ



ਰਹਿ ਕੇ ਦੇਸ਼ ਦੀ ਸੇਵਾ ਕਰਦੇ ਰਹੇ ਹਨ ਅਤੇ ਹੁਣ ਵੀ ਤੁਹਾਡੀ ਸੇਵਾ ਵਿੱਚ ਹਾਜ਼ਰ ਹਨ। ਨਿਸ਼ਾਨ ਸਿੰਘ ਹੀਉਂ ਨੇਂ ਆਪਣੇਂ ਪੰਜਾਬੀ ਭਰਾਵਾਂ ਨੂੰ ਕਿਹਾ ਹੈਂ ਕਿ ਤੁਸੀਂ ਇੱਧਰ ਹੀ ਆਪ ਪਣੇ ਕੰਮ ਕਰੋਂ। ਪ੍ਰਵਾਸੀਆਂ ਕੋਲ ਜਾਣ ਦੀ ਕੀ ਲੋੜ ਹੈ ਜਦੋਂ ਪੰਜਾਬੀ ਕੰਮ ਨਹੀਂ ਕਰਦੇ ਤਾਂ ਹੀ ਪ੍ਰਵਾਸੀਆਂ ਕੋਲ ਜਾਣਾ ਪੈਂਦਾ ਹੈ ਅੱਜ ਨਵੇਂ ਸਾਲ 2025 ਨੂੰ ਆਪਣੀ ਦੁਕਾਨ ਦਾ ਉਦਘਾਟਨ ਕੀਤਾ ਹੈ ਜਿਹੜੀ ਕਿ ਸ੍ਰੀ ਗੁਰੂ ਰਵਿਦਾਸ ਰੋਡ ਬੰਗਾ ਵਿਖੇ ਕਚਹਿਰੀਆ ਦੇ ਕੋਲ ਪਾਈ ਹੈ। ਨਗਰ ਨਿਵਾਸੀ ਅਤੇ ਪੱਤਵੰਤੇ ਹਾਜ਼ਰ ਸਨ।

# ਠੰਡ, ਧੁੰਦ ਅਤੇ ਠੰਡੀਆਂ ਹਵਾਵਾਂ ਦੇ ਮੌਸਮ ਵਿੱਚ ਲੋਕਾ ਨੂੰ ਪੂਰੀ ਅਹਿਤਿਆਤ ਵਰਤਣ ਦੀ ਲੋੜ ਹੈ : ਡਾ ਐਮ ਜਮੀਲ ਬਾਲੀ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਪਿਛਲੇ ਕਾਫੀ ਦਿਨਾਂ ਤੋ ਠੰਡ, ਧੁੰਦ ਅਤੇ ਠੰਡੀਆਂ ਹਵਾਵਾਂ ' ਬਹੁਤ ਹੀਂ ਤੇਜੀ ਨਾਲ ਚੱਲ ਰਹੀਆਂ ਹਨ ਜਿਸ ਕਰਕੇ ਠੰਡ ਨੇ ਹੁਣ ਪੂਰਾ ਜੋਰ ਫੜਿਆ ਹੋਇਆ ਹੈ ! ਇਸ ਸਬੰਧੀ ਬਾਲੀ ਹਸਪਤਾਲ ਦੇ ਐਮਡੀ ਅਤੇ ਬੁੱਧੀਜੀਵੀ ਸ਼ਖਸ਼ੀਅਤ ਡਾਕਟਰ ਐਮ ਜਮੀਲ ਬਾਲੀ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਠੰਡ ਦੇ ਮੌਸਮ ਦੌਰਾਨ ਪੂਰੀ ਅਹਿਤਿਆਤ ਵਰਤਣ ਤਾਂ ਜੋ ਕਿਸੇ ਵੀ ਅਣਸੁਖਾਵੇ ਹਾਲਤ ਤੋਂ ਬਚਿਆ ਜਾ ਸਕੇ। ਉਹਨਾ ਠੰਡੀਆਂ ਹਵਾਵਾਂ ਤੋਂ ਬਚਾਅ ਲਈ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਨੂੰ ਲੋੜੀਂਦੇ ਪ੍ਰਬੰਧ ਯਕੀਨੀ ਬਣਾ ਲੈਣੇ ਚਾਹੀਦੇ ਹਨ ਤਾ ਕਿ ਇਕਦਮ ਵੱਧ ਰਹੀ ਠੰਡ ਤੋ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕ ਖਾਸਕਰ ਬਜ਼ੁਰਗਾਂ, ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਨਾਲ ਦੇ ਨਾਲ ਪਸ਼ੂਆਂ, ਫ਼ਸਲਾਂ ਅਤੇ ਹੋਰ ਵਸਤੂਆਂ ਦੀ ਸੰਭਾਲ ਨੂੰ ਵੀ ਤਰਜੀਹ ਦੇਣ। ਉਹਨਾ ਕਿਹਾ ਕਿ ਠੰਡ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ ਅਤੇ ਆਪਣੇ ਘਰਾਂ ਆਦਿ ਵਿਚ ਵੀ ਠੰਡੀਆਂ ਹਵਾਵਾਂ ਤੋਂ ਬਚਾਅ ਲਈ ਮੋਟੇ ਕਪੜਿਆ ਦਾ



ਇੰਤਜਾਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵੱਧ ਰਹੀ ਠੰਡ ਦੇ ਕਾਰਨ ਕੋਈ ਵੀ ਸਰੀਰਕ ਸਮੱਸਿਆ ਪੇਸ਼ ਆਉਂਦੀ ਹੈ ਤਾਂ ਫੌਰੀ ਤੌਰ ਤੇ ਡਾ ਦੀ ਸਲਾਹ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਧੁੰਦ ਦੇ ਮੌਸਮ ਦੌਰਾਨ ਵਾਹਨਾਂ ਦੀ ਰਫ਼ਤਾਰ ਮੱਠੀ ਰੱਖਣ ਦੇ ਨਾਲ-ਨਾਲ ਗੱਡੀਆਂ ਦੀਆਂ ਲਾਈਟਾਂ ਅਤੇ ਇਸ਼ਾਰੇ ਪੂਰੀ ਤਰ੍ਹਾਂ ਕੰਮ ਕਰਦੇ ਰੱਖਣੇ ਚਾਹੀਦੇ ਹਨ ਤਾਂ ਜੋ ਕਿਸੇ ਵੀ ਅਣਹੋਣੀ ਘਟਨਾ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਮੋਬਾਇਲ ਦੀ ਵਰਤੋਂ ਅਤੇ ਓਵਰਟੇਕਿੰਗ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਦਿਆਂ ਹਮੇਸ਼ਾ ਸੁਰੱਖਿਅਤ ਡਰਾਈਵਿੰਗ ਵੱਲ ਧਿਆਨ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਠੰਡੀਆਂ ਹਵਾਵਾਂ ਦੌਰਾਨ ਪਸ਼ੂਆਂ ਦਾ ਵੀ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਬੰਨਣ ਵਾਲੀ ਥਾਂ 'ਤੇ ਠੰਡੀਆਂ ਹਵਾਵਾਂ ਦੀ ਰੋਕਥਾਮ ਲਈ ਢੁੱਕਵੇਂ ਇੰਤਜ਼ਾਮ ਰੱਖਣੇ ਚਾਹੀਦੇ ਹਨ।

# ਡਾ ਨਰਿੰਜਨ ਪਾਲ ਹੀਓ ਆਈ ਐੱਮ ਏ ਦੇ ਤੀਸਰੀ ਵਾਰ ਪ੍ਰਧਾਨ ਅਤੇ ਡਾ ਦਵਿੰਦਰ ਕੌਰ ਚੀਮਾ ਜਨਰਲ ਸਕੱਤਰ ਚੁਣੇ ਗਏ

**ਬੰਗਾ (ਚਰਨਜੀਤ ਸ॑ੱਲ੍ਹਾ )** ਇੰਡੀਅਨ ਮੈਡੀਕਲ ਐਸੋਸੀਏਸ਼ਨ ਬੰਗਾ ਇਕਾਈ ਦੀ ਅਹਿਮ ਮੀਟਿੰਗ ਡਾ ਉੰਕਾਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਵਿੱਚ ਨਵੇਂ ਸਾਲ 2025 ਦੀ ਚੋਣ ਕੀਤੀ ਗਈ ਅਤੇ ਸਰਬ ਸੰਮਤੀ ਨਾਲ ਡਾ ਨਰਿੰਜਨ ਪਾਲ ਨੂੰ ਪ੍ਰਧਾਨ ਅਤੇ ਡਾ ਦਵਿੰਦਰ ਕੌਰ ਚੀਮਾ ਨੂੰ ਜਨਰਲ ਸਕੱਤਰ ਚੁਣਿਆ ਗਿਆ।ਡਾ ਨਰਿੰਜਨ ਪਾਲ ਅਤੇ ਡਾ ਚੀਮਾ ਨੇ ਦੱਸਿਆ ਕਿ ਆਈ ਐਮ ਏ ਦੇ ਸਾਂਝੇ ਤੌਰ ਤੇ ਸਰਪ੍ਰਸਤ ਡਾ ਅਮਰੀਕ ਸਿੰਘ ਰਾਣੂ,ਡਾ ਕਸ਼ਮੀਰ ਸਿੰਘ ਰਾਏ ਨੂੰ ਵਾਇਸ ਪ੍ਰਧਾਨ,ਡਾ ਹਰਜਿੰਦਰ ਕੁਮਾਰ ਦੁੱਗ ਵਿੱਤ ਸਕੱਤਰ ਵੀ ਸਰਬ ਸੰਮਤੀ ਨਾਲ ਚੁਣ ਲਏ ਗਏ। ਮੀਟਿੰਗ ਦੌਰਾਨ ਡਾ ਉਕਾਰ ਸਿੰਘ ਅਤੇ ਡਾ ਕਮਲਜੀਤ ਸਿੰਘ ਵੱਲੋਂ



ਸਾਲ2024ਦੋਰਾਨ ਕੀਤੇ ਗਏ ਕੰਮਾਂ ਅਤੇ ਲੇਖਾ ਜੋਖਾ ਵਾਰੇ ਜਾਣਕਾਰੀ ਦਿੱਤੀ ਗਈ ਡਾ ਨਿਰੰਜਣ ਪਾਲ ਵੱਲੋਂ ਸਾਲ ਵਲੋਂ ਸਾਲ2025ਦਾ ਤੀਜੀ ਵਾਰ ਪ੍ਰਧਾਨ ਚੁਣੇ ਜਾਣ ਉਪਰੰਤ ਸਮੂੰਹ ਡਾਕਟਰ ਸਾਹਿਬਾਨ ਦਾ ਧੰਨਵਾਦ ਕਰਦੇ ਹੋਈ ਸੋਪੀ ਜ਼ਿਮੇਵਾਰੀ ਨੂੰ ਤਨਖਾਹੀ ਨਾਲ ਭਰੋਸਾ ਦਿੰਦੇ ਹੋਏ ਕਿਹਾ ਕਿ ਸਾਲ2025ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਬੰਗਾ ਇਕਾਈ ਆਮ ਲੋਕਾਂ ਦੀ ਸਿਹਤ ਨੂੰ ਨਿਰੋਗ ਰੱਖਣ ਲਈ ਸਿਹਤ ਜਾਗਰੂਕਤਾ ਕੈਂਪ ਮੈਡੀਕਲ ਕੈਂਪ, ਦਰਪੇਸ਼ ਸਮਾਜਿਕ ਕੁਰੀਤੀਆਂ ਵਿਰੁੱਧ ਜਾਗਰੂਕਤਾ ਨਸ਼ਿਆਂ ਵਿਰੁੱਧ ਅਤੇ ਕੁਦਰਤੀ ਆਫਤਾ ਨੂੰ ਨਜਿਠਣ ਲਈ ਆਮ ਜਨਤਾ ਦੇ ਨਾਲ ਹਮੇਸ਼ਾ ਚਟਾਨ ਵਾਗ ਖੜੇਗੀ ਇਸ ਮੌਕੇ ਸਮੂਹ ਅਹੁਦੇਦਾਰਾਂ ਸਮੇਤ ਡਾ ਸੁਖਵਿੰਦਰ ਸਿੰਘ ਹੀਰਾ,ਡਾ ਬਲਜਿੰਦਰ ਕੁਮਾਰ ਅਤੇ ਡਾ ਗੋਰਵ ਦੀਪ ਸਿੰਘ ਹਾਜ਼ਰ ਸਨ।

# ਗੁਰੂ ਨਾਨਕ ਨਾਮ ਲੇਵਾ ਚੈਰੀਟੇਬਲ ਫਾਉਂਡੇਸ਼ਨ ਦੇ ਸਕੱਤਰ ਬਣੇ ਭਾਈ ਲਖਵੀਰ ਸਿੰਘ

## ਬਜ਼ੁਰਗਾਂ ਦੇ ਸੇਵਾ ਲਈ ਲਗਾਤਾਰ 11 ਸਾਲ ਤੋਂ ਕਾਰਜਸ਼ੀਲ "ਗੁਰੂ ਨਾਨਕ ਸੇਵਾ ਘਰ"–ਸੁਰਿੰਦਰ ਸੂਰ ਯੂਕੇ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਗੁਰੂ ਨਾਨਕ ਨਾਮ ਲੇਵਾ ਚੈਰੀਟੇਬਲ ਫਾਊਂਡੇਸ਼ਨ (ਰਜਿ.) ਵੱਲੋਂ ਲਾਭ ਨਗਰ ਡਗਾਣਾ ਰੋਡ ਹੁਸ਼ਿਆਰਪੁਰ ਵਿੱਚ ਬੇਸਹਾਰਾ ਅਤੇ ਲੋੜਵੰਦ ਬਜ਼ੁਰਗਾਂ ਦੀ ਸਾਂਭ ਸੰਭਾਲ ਲਈ ਸਾਲ 2013 "ਗੁਰੂ ਨਾਨਕ ਸੇਵਾ ਘਰ" ਦੀ ਸਥਾਪਨਾ ਕੀਤੀ ਗਈ ਸੀ ਜੋ ਲਗਾਤਾਰ 11 ਸਾਲ ਤੋਂ ਕਾਰਜਸ਼ੀਲ ਹੈ ਅਤੇ ਇਸ ਸੇਵਾ ਘਰ ਵਿੱਚ ਚਾਰ ਮਹਿਲਾ ਬਜ਼ੁਰਗਾਂ ਸਮੇਤ 16 ਬਜ਼ੁਰਗਾਂ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ ਕ ਇਹ ਜਾਣਕਾਰੀ ਦਿੰਦਿਆਂ ਵਿਸ਼ੇਸ਼ ਪ੍ਰੈਸ ਵਾਰਤਾ ਵਿੱਚ ਫਾਊਂਡੇਸ਼ਨ ਦੇ ਬਾਨੀ ਪ੍ਰਧਾਨ ਸੁਰਿੰਦਰ ਸਿੰਘ ਸੂਰ ਯੂਕੇ ਨੇ ਦੱਸਿਆ ਕਿ ਫਾਊਂਡੇਸ਼ਨ ਦੇ ਕੰਮ ਨੂੰ ਹੋਰ ਸਚਾਰੂ ਢੰਗ ਨਾਲ ਚਲਾਉਣ ਲਈ ਸੰਸਥਾ ਵਿੱਚ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਜਿਸ ਮੁਤਾਬਕ ਸਕੱਤਰ ਭਾਈ ਲਖਵੀਰ



ਸਿੰਘ ਅਤੇ ਖਜ਼ਾਨਚੀ ਵੱਜੋਂ ਦਰਸ਼ਨ ਸਿੰਘ ਦੀ ਨਿਯੁਕਤੀ ਕੀਤੀ ਗਈ ਹੈ ਕ ਬਾਨੀ ਪ੍ਰਧਾਨ ਸੁਰਿੰਦਰ ਸਿੰਘ ਯੂਕੇ ਨੇ ਦੱਸਿਆ ਕਿ ਗੁਰੂ ਨਾਨਕ ਨਾਮ ਲੇਵਾ ਚੈਰੀਟੇਬਲ ਫਾਊਂਡੇਸ਼ਨ ਦੇ ਉਨ੍ਹਾਂ ਸਮੇਤ ਕੁੱਲ ਤਿੰਨ ਮੈਂਬਰ ਹੀ ਹਨ ਅਤੇ ਤੇ ਇਹਨਾਂ ਤਿੰਨਾਂ ਮੈਂਬਰਾਂ ਤੋਂ ਇਲਾਵਾ ਕਿਸੇ ਵੀ ਹੋਰ ਕੋਲ ਅਜਿਹਾ ਕੋਈ ਅਧਿਕਾਰ ਨਹੀਂ ਜਿਸ ਰਾਹੀਂ ਉਪਰੋਕਤ ਪ੍ਰਬੰਧਕੀ ਅਮਲੇ ਜਾ ਸੰਸਥਾ ਬਾਰੇ ਕੋਈ ਫ਼ੈਸਲਾ ਲੈ ਸਕੇ ਕ ਸੁਰਿੰਦਰ ਸਿੰਘ ਯੂਕੇ ਨੇ ਦੱਸਿਆ ਕਿ ਇਸ ਸੰਸਥਾ ਨੂੰ ਚਲਾਉਣ ਲਈ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹੀ ਸਮੁੱਚੇ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਲਈ ਉਪਰੋਕਤ ਤਿੰਨਾਂ ਮੈਂਬਰਾਂ ਤੋਂ ਇਲਾਵਾ ਕਿਸੇ ਹੋਰ ਕੋਲ ਗੁਰੂ ਨਾਨਕ ਨਾਮ ਲੇਵਾ ਚੈਰੀਟੇਬਲ ਫਾਊਂਡੇਸ਼ਨ ਦੇ ਕੰਮਾਂ ਜਾਂ ਸਰਗਰਮੀਆਂ ਚਲਾਉਣ ਬਾਰੇ ਬਿਆਨਬਾਜ਼ੀ ਜਾਂ ਭਰਮ ਫੈਲਾਉਂਦਾ ਹੈ ਤਾਂ ਇਸ ਦਾ ਕੋਈ ਵੀ ਅਧਾਰ ਨਹੀਂ ਹੈ ।

# ਨਸ਼ਿਆਂ ਦੇ ਖ਼ਾਤਮੇ ਲਈ ਸਮਾਜ ਦੇ ਸਾਰੇ ਵਰਗਾਂ ਦੀ ਸਰਗਰਮ ਭੂਮਿਕਾ ਦੀ ਲੋੜ - ਰਾਜੀਵ ਵਰਮਾ

## ਐਨਕਾਰਡ' ਦੀ ਮੀਟਿੰਗ 'ਚ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਅਹਿਮ ਵਿਚਾਰਾਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹੇ ਵਿਚ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਦੀ ਸਮੀਖਿਆ ਅਤੇ ਅਗੇਤੀ ਕਾਰਜ ਯੋਜਨਾ 'ਤੇ ਚਰਚਾ ਲਈ ਅੱਜ ਨਾਰਕੋ ਕੋ-ਆਰਡੀਨੇਸ਼ਨ ਸੈਂਟਰ (ਐਨਕਾਰਡ) ਮਕੈਨਿਜ਼ਮ ਤਹਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜਾ) ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਪੁਲਿਸ, ਸਿਹਤ ਅਤੇ ਸਕੂਲ ਸਿੱਖਿਆ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।



ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਲੜਾਈ ਵਿਚ ਸਿਰਫ ਪ੍ਰਸ਼ਾਸਨ ਦੀ ਹੀ ਨਹੀ, ਬਲਕਿ ਸਮਾਜ ਦੇ ਸਾਰੇ ਵਰਗਾਂ ਦੀ ਸਰਗਰਮ ਭੂਮਿਕਾ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਨੂੰ ਮਿਲ ਕੇ ਇਸ ਤਰ੍ਹਾਂ ਦੇ ਕਦਮ ਚੁੱਕਣੇ ਹੋਣਗੇ, ਜੋ ਨਾ ਕੇਵਲ ਨਸ਼ੇ ਦੀ ਰੋਕਥਾਮ ਕਰਨ, ਬਲਕਿ ਇਸ ਦੇ ਖ਼ਿਲਾਫ਼ ਲੋਕ ਜਾਗਰੂਕਤਾ ਵੀ ਪੈਦਾ ਕਰਨ। ਉਨ੍ਹਾਂ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ-ਆਪਣੇ ਵਿਭਾਗਾਂ ਵਿਚ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਦੀ ਪ੍ਰਗਤੀ ਦੀ ਲਗਾਤਾਰ ਸਮੀਖਿਆ ਕਰਨ ਅਤੇ ਇਸ ਦਿਸ਼ਾ ਵਿਚ ਹੋਰ ਵੀ ਠੋਸ ਕਦਮ ਚੁੱਕਣ। ਉਨ੍ਹਾਂ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਦੀ ਹਦਾਇਤ ਕੀਤੀ।

ਪੁਲਿਸ ਵਿਭਾਗ ਦੇ ਅਧਿਕਾਰੀਆਂ ਨੇ ਮੀਟਿੰਗ ਦੌਰਾਨ ਨਸ਼ਿਆਂ ਖ਼ਿਲਾਫ਼ ਪੁਲਿਸ ਵਿਭਾਗ ਦੀ ਹੁਣ ਤੱਕ ਕੀਤੀ ਕਾਰਗੁਜਾਰੀ 'ਤੇ ਚਾਨ੍ਹਣਾ ਪਾਇਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੁਲਿਸ ਨੇ ਨਸ਼ਾ ਤਸਕਰਾਂ 'ਤੇ ਸਖ਼ਤੀ ਨਾਲ ਸ਼ਿਕੰਜਾ ਕੱਸਣ ਲਈ ਲਗਾਤਾਰ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਨਸ਼ੇ ਦੇ ਨੈੱਟਵਰਕ ਨੂੰ ਤੋੜਨ ਲਈ ਹਰ ਸੰਭਵ ਯਤਨ ਕਰ ਰਿਹਾ ਹੈ ਅਤੇ ਇਸ ਵਿਚ ਜਨਤਾ ਦਾ ਸਹਿਯੋਗ ਵੀ ਬੇਹੱਦ ਮਹੱਤਵਪੂਰਨ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਥਾਣਿਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਨਸ਼ੇ ਦੇ ਖ਼ਿਲਾਫ ਲੋਕ ਜਾਗਰੂਕਤਾ ਮੁਹਿੰਮ ਚਲਾਉਣ ਅਤੇ ਸਮਾਜ ਦੇ ਹਰ ਵਰਗ ਨੂੰ ਇਸ ਵਿਚ ਸ਼ਾਮਿਲ ਕਰਨ। ਇਸ ਤੋਂ ਇਲਾਵਾ ਸਿਹਤ ਵਿਭਾਗ ਨੇ ਨਸ਼ਾ ਮੁਕਤ ਕੇਂਦਰਾਂ ਦੀ ਸਥਿਤੀ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਨਸ਼ੇ ਖ਼ਿਲਾਫ਼ ਉਨ੍ਹਾਂ ਵੱਲੋਂ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਐਸ.ਡੀ.ਐਮ ਬਲਾਚੌਰ ਪ੍ਰੀਤਇੰਦਰ ਸਿੰਘ ਬੈਂਸ, ਡੀ. ਐਸ. ਪੀ ਲਖਵੀਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਸਾਲ 2024 ਦੌਰਾਨ ਵਿਛੜੇ ਸਾਹਿਤਕਾਰਾਂ ਨੂੰ ਯਾਦ ਕਰਦਿਆਂ

**ਬਰਨਾਲਾ।** ਜੀਣਾ ਮਰਨਾ ਕੁਦਰਤ ਦਾ ਨਿਯਮ ਹੈ ਜਿਸ ਨੂੰ ਕੋਈ ਵੀ ਮਨੁੱਖ ਨਾ ਬਦਲ ਸਕਦਾ ਹੈ ਅਤੇ ਨਾ ਨਹੀਂ ਜਾਣ ਸਕਦਾ ਹੈ। ਆਮ ਹੀ ਕਿਹਾ ਜਾਂਦਾ ਹੈ ਕਿ ਆਦਮੀ-ਇੱਕ ਦਮੀ ਹੈ ਪਤਾ ਨਹੀਂ ਅਗਲਾ ਸਾਹ ਆਉਣਾ ਹੈ ਕਿ ਨਹੀਂ ਪਰ ਮਨੁੱਖ ਜਾਣਦੇ ਹੋਏ ਵੀ ਅਣਜਾਣ ਬਣ ਕੇ ਸੰਸਾਰਿਕ ਵਸਤਾਂ ਤੇ ਆਪਣੀ ਮਲਕੀਅਤ ਦਾ ਦਾਅਵਾ ਕਰਦਾ ਹੈ। ਮਨੁੱਖ ਦੇ ਸੰਸਾਰ ਵਿੱਚ ਆਉਣ ਭਾਵ ਜਨਮ ਲੈਣ ਦੀ ਬਹੁਤ ਖੁਸ਼ੀ ਹੁੰਦੀ ਹੈ ਪਰ ਤੁਰ ਜਾਣ ਦਾ ਸੱਲ ਜ਼ਿੰਦਗੀ ਭਰ ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ ਅਤੇ ਪਰਿਵਾਰਕ ਮੈਂਬਰਾਂ ਤੇ ਹਾਵੀ ਰਹਿੰਦਾ ਹੈ।

ਸਾਲ 2024 ਆਪਣੀਆਂ ਖੱਟੀਆਂ ਮਿੱਠੀਆਂ ਯਾਦਾਂ ਦੇ ਕੇ ਖਤਮ ਹੋ ਗਿਆ ਹੈ। ਸਾਲ ਦੌਰਾਨ ਸਾਡੇ ਵਿਚੋਂ ਕਿੰਨੇ ਹੀ ਸਾਹਿਤਕਾਰ ਲੇਖਕ ਮਿੱਤਰ ਰੇਤ ਵਾਂਗ ਕਿਰ ਗਏ ਹਨ ਜਿਨ੍ਹਾਂ ਨੂੰ ਭੁਲਾ ਦੇਣਾ ਮੁਮਕਿਨ ਹੀ ਨਹੀਂ ਅਸੰਭਵ ਵੀ ਜਾਪਦਾ ਹੈ ਭਾਵੇਂ ਕਿਸੇ ਦਾ ਉਹਨਾਂ ਦਾ ਰਾਬਤਾ ਰਿਹਾ ਹੋਵੇ ਜਾਂ ਨਾ ਪਰ ਸਾਹਿਤਕ ਕ੍ਰਿਤਾਂ ਰਾਹੀਂ ਉਹ ਆਪਣੇ ਪਾਠਕਾਂ ਦੇ ਦਿਲਾਂ ਵਿੱਚ ਹਮੇਸ਼ਾ ਜਿੰਦਾ ਰਹਿੰਦੇ ਹਨ। ਜਦੋਂ ਕੋਈ ਸਾਹਿਤਕਾਰ ਸੰਸਾਰ ਯਾਤਰਾ ਪੂਰੀ ਕਰਕੇ ਤੁਰ ਜਾਂਦਾ ਹੈ ਤਾਂ ਉਸ ਵਲੋਂ ਆਪਣੀ ਲਿਖਤਾਂ ਦੀ ਛੱਡੀ ਛਾਪ ਉਸ ਦਾ ਚੇਤਾ ਭੁੱਲਣ ਨਹੀਂ ਦਿੰਦੀਆਂ। ਉਹ ਆਪਣੀ ਲਿਖਤ ਰਾਹੀਂ ਜ਼ਿੰਦਾ ਰਹਿੰਦੇ ਹਨ ਚਾਹੇ ਉਹ ਸਾਡੇ ਦੇਸ਼ ਦੀ ਧਰਤੀ ਤੇ ਸਨ ਜਾਂ ਵਿਦੇਸ਼ਾਂ ਵਿੱਚ ਜਾ ਵਸੇ ਸਨ।

ਇਸ ਸਾਲ ਦੌਰਾਨ ਜਿਹੜੇ ਸਾਹਿਤਕਾਰ ਕਹਾਣੀਕਾਰ ਕਵੀ ਗੀਤਕਾਰ ਆਦਿ ਸਾਡੇ ਤੋਂ ਵਿਛੜ ਗਏ ਹਨ ਉਹਨਾਂ ਨੂੰ ਨਮਨ ਕਰਦਿਆਂ ਸ਼ਰਧਾਂਜਲੀ ਭੇਟ ਕਰਦੇ ਹਾਂ। ਇਹਨਾਂ ਵਿੱਚ ਜਿੰਨੇ ਕੁ ਮੇਰੇ ਧਿਆਨ ਵਿੱਚ ਹਨ ਉਹਨਾਂ ਦੇ ਨਾਮ ਤੁਹਾਡੇ ਨਾਲ਼ ਸਾਝੇ ਕਰਦਿਆਂ ਦੁੱਖ ਮਹਿਸੂਸ ਕਰ ਰਿਹਾ ਹੈ। ਇਹਨਾਂ ਵਿੱਚ ਗੁਰਮੀਤ ਸਿੰਘ ਸਰਾਂ ਗੀਤਾ ਡੋਗਰਾ ਜਲੰਧਰ ਮੁਨਵਰ ਰਾਣਾ ਮੇਜਰ ਸਿੰਘ ਰਾਜਗੜ੍ਹ ਬਰਨ-ਾਲਾ ਚਰਨਜੀਤ ਉਡਾਰੀ ਸੰਗਰੂਰ ਡਾ. ਕਰਨਜੀਤ ਸਿੰਘ ਲੇਖਕ ਅਨੁਵਾਦਕ ਦਿੱਲੀ ਕੈਲਾਸ਼ ਭਾਰਦਵਾਜ ਗੀਤਕਾਰ ਹਰੀ ਦੇਵ ਸੋਨੀਆ ਭਾਰਤੀ ਰਜਿੰਦਰਪਾਲ ਸ਼ਰਮਾ ਕਹਾਣੀਕਾਰ ਸੁਖਜੀਤ ਤੇਜਾ ਸਿੰਘ ਰੌਂਤਾ ਇਕਬਾਲ ਸਿੰਘ ਕਾਲੀ ਰਾਇ ਉਰਫ ਇਕਬਾਲ ਖਾਂ ਕੈਲਗਰੀ ਹਰੀ ਸਿੰਘ ਗਰੀਬ ਅਮ੍ਰਿਤਸਰ ਜੰਗੀਰ ਸਿੰਘ ਜਗਤਾਰ ਬਰਨਾਲਾ ਮੇਵਾ ਸਿੰਘ ਤੁੰਗ ਪਟਿਆਲਾ ਮੋਹਨਜੀਤ ਡਾ. ਸੁਰਜੀਤ ਪਾਤਰ ਕਵੀ ਕਹਾਣੀਕਾਰ ਮਾਲਤੀ ਜੋਸ਼ੀ ਸੰਤ ਸਿੰਘ ਪਦਮ ਰਤਨੀਵ ਸ਼ੇਰ ਸਿੰਘ ਸ਼ੇਰਪੁਰੀ ਬਲਵਿੰਦਰ ਸਿੰਘ ਫਤਿਹਪੁਰੀ ਸ਼ਾਇਰ ਕਰਤਾਰ ਸਿੰਘ ਠੁੱਲੀਵਾਲ ਬਲਬੀਰ ਸਿੰਘ ਮੋਮੀ ਕਹਾਣੀਕਾਰ ਕੇਨੈਡਾ ਗੀਤਕਾਰ ਸਰਬਜੀਤ ਸਿੰਘ ਵਿਰਦੀ ਲੇਖਿਕਾ ਸਵਰਾਜ ਕੌਰ ਕਵੀਸ਼ਰ ਹਰੀ ਸਿੰਘ ਮਾਨ ਗਾਇਕ ਪੰਕਜ ਉਦਾਸ ਈਸ਼ਰ ਸਿੰਘ ਸੋਬਤੀ ਅਮਰਜੀਤ ਕੌਰ ਨਾਜ਼ ਸ਼ਾਇਰ ਮੁੱਖਵਿੰਦਰ ਸਿੰਘ ਸੰਧੂ ਜਲੰਧਰ ਗ਼ਜ਼ਲਗੋ ਸੁਰਜੀਤ ਸਿੰਘ ਜੀਤ ਕਵੀ ਰਵਿੰਦਰ ਸਿੰਘ ਦੀਵਾਨਾ ਗੀਤਕਾਰ ਕ੍ਰਿਪਾਲ ਮਾਣਾ ਡਾ. ਜਸਬੀਰ ਕੌਰ ਕਰਮ ਚੰਦ ਰਿਸ਼ੀ ਬਰਨਾਲਾ ਸ਼ਾਇਰ ਗੁਰਦੀਪ ਸਿੰਘ ਔਲਖ ਆਦਿ ਦੇ ਨਾਮ ਜਿਕਰਯੋਗ ਹਨ।

ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।



**ਤੇਜਿੰਦਰ ਚੰਡਿਹੋਕ**
**ਸੰਪਰਕ 095010-00224**

# ਪੁਸਤਕ ਪੜਚੋਲ: ਯਾਦਾਂ ਦੇ ਸੰਦਰਭ 'ਚੋਂ ਉਪਜੀ ਕਵਿਤਾ -'ਸਮੇਂ ਦੀ ਕੈਨਵਸ'ਤੇ'

**ਪੁਸਤਕ ਦਾ ਨਾਂ ਸਮੇਂ ਦੀ ਕੈਨਵਸ 'ਤੇ**
**ਲੇਖਿਕਾ ਸਵਿੰਦਰ ਸੰਧੂ**
**ਪੰਨੇ 111**
**ਮੁੱਲ 200/-**
**ਪ੍ਰਕਾਸ਼ਕ ਸ਼ਬਦਲੋਕ ਪ੍ਰਕਾਸ਼ਨ ਲੁਧਿਆਣਾ।**

ਸਵਿੰਦਰ ਸੰਧੂ ਇੱਕ ਪ੍ਰਬੁੱਧ ਲੇਖਿਕਾ ਹੈ ਜਿਸ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਆਪਣੀਆਂ ਲਿਖਤਾਂ ਨਾਲ਼ ਸਾਂਝ ਪਾਈ ਹੈ। ਹਥਲਾ ਕਾਵਿ ਸੰਗ੍ਰਹਿ 'ਸਮੇਂ ਦੀ ਕੈਨਵਸ 'ਤੇ' ਕਵਿਤਰੀ ਸਵਿੰਦਰ ਸੰਧੂ ਦਾ ਪੰਜਵਾਂ ਕਾਵਿ ਸੰਗ੍ਰਹਿ ਹੈ ਜਿਸ ਵਿੱਚ ਉਸਨੇ ਕਵਿਤਾਵਾਂ ਅਤੇ ਨਜ਼ਮਾਂ ਸ਼ਾਮਲ ਕੀਤੀਆਂ ਹਨ। ਇਹ ਕਾਵਿ ਸੰਗ੍ਰਹਿ ਖੁਲ੍ਹੀ ਕਵਿਤਾ ਦੇ ਰੂਪ ਵਿੱਚ ਸਾਡੇ ਸਾਹਮਣੇ ਆਇਆ ਹੈ। ਕਵਿਤਰੀ ਸੰਧੂ ਨੇ ਇਸ ਪੁਸਤਕ ਤੋਂ ਇਲਾਵਾ ਤਿੰਨ ਕਾਵਿ ਪੁਸਤਕਾਂ ਬੁੱਲਾ ਪੂਰੇ ਦੀ ਵਾਅ ਦਾ ਸੁਪਨ ਬਲੌਰੀ ਕਿਰਨ ਪਾਤ ਅਗਨ ਕੁੰਭ ਦੀ ਯਾਤਰਾ ਅਤੇ ਇਕ ਵਾਰਤਕ ਪੁਸਤਕ ਜਿਉਂਦੇ ਸ਼ਹੀਦ ਵੀ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਪੁਸਤਕ ਗ਼ਦਰੀ ਧੀ ਗੁਲਾਬ ਕੌਰ ਦੇ ਨਾਂ ਸਮਰਪਿਤ ਕੀਤੀ ਹੈ। ਸਵਿੰਦਰ ਦੀ ਕਵਿਤਾ ਸਹਿਜ ਰੂਪ ਵਿਚ ਤੁਰਦੀ ਹੈ। ਉਸ ਦੀਆਂ ਕਵਿਤਾਵਾਂ ਦਾ ਵਿਸ਼ਾ ਵਸਤੂ ਮਾਨਵਤਾ ਵਿੱਚ ਆਏ ਸਮੇਂ ਦੇ ਨਾਲ਼ ਪਰਿਵਰਤਨ ਅਤੇ ਸਮਾਜ ਨੂੰ ਜਾਗਰੂਕ ਕਰਨ ਵਾਲਾ ਹੈ।

ਪੁਸਤਕ ਦਾ ਕਾਵਿ ਪਾਠ ਕਰਦਿਆਂ ਲੱਗਿਆ ਜਿਵੇਂ ਉਸ ਦੀ ਕਵਿਤਾ ਪਿਛੋਕੜ ਯਾਦਾਂ ਨਾਲ਼ ਵੀ ਜੁੜੀ ਹੋਵੇ। ਜਦੋਂ ਕਵਿਤਾ ਸਿਆਸਤ ਅਤੇ ਸੱਭਿਆਚਾਰ ਵਿੱਚ ਆਏ ਨਿਘਾਰ ਦੀ ਗੱਲ ਕਰਦੀ ਹੈ। ਬੇਟੀ ਬਚਾਓ ਬੇਟੀ ਪੜਾਓ ਔਰਤ ਦੀ ਤ੍ਰਾਸਦੀ ਬਚਪਨ ਦੀਆਂ ਯਾਦਾਂ ਵਿੱਚ ਚੋਰ ਸਿਪਾਹੀ ਵਰਗੀਆਂ ਖੇਡਾਂ ਦਾ ਜਿਕਰ ਆਉਂਦਾ ਹੈ। ਇਹ ਪੁਸਤਕ ਪੁਸਤਕ ਦੀ ਸਿਰਲੇਖਤ ਕਵਿਤਾ ਤੋਂ ਹੀ ਆਪਣੀ ਕਵਿਤਾ ਦਾ ਸਫਰ ਸ਼ੁਰੂ ਕਰਦੀ ਹੈ। ਜਿਸ ਵਿੱਚ ਗੁਲਾਮੀ ਦਾ ਅਭਾਵ ਅਤੇ ਸਮੇਂ ਦੀ ਲੋੜ ਦੀ ਗੱਲ ਕੀਤੀ ਹੈ। ਲਾਟ ਵਾਂਗ ਲਟ-ਲਟ ਬਲਦੀ ਕਵਿਤਾ ਕਈ ਰੰਗ ਬਿਖੇਰਦੀ ਹੈ। ਸਮੇਂ ਦੇ ਕੈਨਵਸ 'ਤੇ ਪਏ ਨਵੇਂ ਰੰਗ ਅੱਖਾਂ ਵਿੱਚ ਜਗਾਉਣ ਦੀ ਗੱਲ ਕਰਦੀ ਹੈ। ਇੱਕ ਆਸ ਨਾਲ਼ ਪੰਜਾਬ ਸਿਹਾਂ ਦੇ ਵਿਹੜੇ ਪ੍ਰਵੇਸ਼ ਕਰਦੀ ਜਾਪਦੀ ਹੈ। ਮਾਵਾਂ ਭੈਣਾਂ ਦੀ ਤਰਾਸਦੀ ਅਤੇ ਹਾਕਮਾਂ ਦੇ ਕੀਤੇ ਝੂਠੇ ਵਾਦਿਆਂ ਨੂੰ ਪੂਰਾ ਕਰਨ ਦੀ ਆਸ ਵੀ ਤਿਰੰਗੇ ਤੋਂ ਪੂਰਨਾ ਚਾਹੁੰਦੀ ਹੈ ਕਵਿਤਾ 'ਤਿਰੰਗਾ ਹੀ ਹੁਣ ਤੇ ਬਹੁੜੇ'।

ਮੁਸੀਬਤ ਵੇਲੇ ਕੰਮ ਆਉਣ ਵਾਲੇ ਫ਼ਰਿਸ਼ਤਿਆਂ ਦੀ ਗੱਲ ਕਰਦੀ ਕਵਿਤਾ ਕਹਿੰਦੀ ਹੈ ਕਿ ਫ਼ਰਿਸ਼ਤੇ ਕਿਸੇ ਬੰਧਨ ਵਿੱਚ ਨਹੀਂ ਬਝਦੇ ਅਤੇ ਨਾ ਹੀ ਧਾਰਮਿਕ ਸਥਾਨਾਂ ਵਿੱਚ ਰਹਿਦੇ ਹਨ। ਪੁਸਤਕ ਦੀ ਇੱਕ ਕਵਿਤਾ 'ਦਰਸ਼ਨ ਕਰੋ ਫ਼ਰਿਸ਼ਤਿਆਂ ਦੇ' ਦੀਆਂ ਪੰਕਤੀਆਂ ਇਸ ਨੂੰ ਪ੍ਰਮਾਣਿਤ ਕਰਦੀਆਂ ਹਨ-

'ਫ਼ਰਿਸ਼ਤਿਆਂ ਦੀ ਕੋਈ
ਹੱਦ-ਬੰਦੀ ਨਹੀਂ ਹੁੰਦੀ
ਉਹ ਗੁਰਦੁਆਰਿਆਂ ਮੰਦਰਾਂ
ਮਸਜਿਦਾਂ ਤੇ ਗਿਰਜਿਆਂ ਵਿਚ ਹੀ
ਕੈਦ ਨਹੀਂ ਰਹਿੰਦੇ।'
(ਪੰਨਾ 30)

ਵਿਛੜ ਗਏ ਰਿਸ਼ਤਿਆਂ ਦੀ ਯਾਦ ਉਮਰਾਂ ਦੇ ਠੇਡੇ ਖਾਂਦੀ ਹਾਲਾਤਾਂ ਦੀ ਸੁਨਾਮੀ ਦੇ ਹੁੰਦਿਆਂ ਵੀ ਬੱਚ ਗਈ ਜ਼ਿੰਦਗੀ ਨੂੰ ਜ਼ਿੰਦਾਬਾਦ ਜਾਣਦੀ ਕਵਿਤਾ 'ਜ਼ਿੰਦਗੀ ਤੂੰ ਜ਼ਿੰਦਾਬਾਦ' ਲੈ ਕੇ ਹਾਜਰ ਹੁੰਦੀ ਹੈ। ਵਰਤਮਾਨ ਸਮੇਂ ਮਨੁੱਖੀ ਜੀਵਨ ਦਾ ਬਿਰਤਾਂਤ ਪੇਸ਼ ਕਰਦਿਆਂ ਉਸ ਦੀ ਕਵਿਤਾ 'ਸਵਾਲ-ਜਵਾਬ' ਦਾ ਜਿਕਰ ਕਰਨਾ ਵੀ ਉਚਿਤ ਹੈ ਜਿਸ ਰਾਹੀਂ ਸਾਨੂੰ ਆਪਣੀ ਵਿਥਿਆ ਸੁਣਾਉਂਣ ਦਾ ਮੌਕਾ ਪ੍ਰਾਪਤ ਹੁੰਦਾ ਹੈ ਕਿ ਅੱਜ ਵਿਗੜ ਰਹੇ ਵਾਤਾਵਰਨ ਲਈ ਖ਼ੁਦ ਜਿੰਮੇਵਾਰ ਹਾਂ। ਦਰਖਤਾਂ ਨੂੰ ਕੱਟ ਕੇ ਸ਼ੁਧ ਹਵਾ ਨੂੰ ਪਲੀਤ ਕਰ ਰਹੇ ਹਾਂ। ਇਸ ਸੰਦਰਭ ਵਿੱਚ ਕਵਿਤਾ ਦੀ ਵੰਨਗੀ ਪੇਸ਼ ਹੈ-

'ਦਮ ਘੁੱਟ ਵਾਤਾਵਰਨ ਦਾ ਸਫ਼ਰ ਜੀ ਰਹੇ ਹਾਂ
ਆਪਣੇ ਹੱਥੀਂ ਬੀਜਿਆ ਜ਼ਹਿਰ ਪੀ ਰਹੇ ਹਾਂ
ਜੰਗਲਾਂ ਦੇ ਸਿਰ ਰੱਖ ਕੇ ਆਰੀ ਤੇ ਕੁਹਾੜੀ
ਹਰਿਆਲੀ ਸਾੜ ਕੇ ਅਸੀਂ ਧੂੰਆਂ ਪੀ ਰਹੇ ਹਾਂ।' (ਪੰਨਾ-37)

ਪੁਸਤਕ ਵਿੱਚ ਕਈ ਕਵਿਤਾਵਾਂ ਅਜਿਹੀਆਂ ਵੀ ਹਨ ਜਿਹਨਾਂ ਨੂੰ ਦੋ-ਤਿੰਨ ਭਾਗਾਂ ਵਿੱਚ




ਸ਼ਾਮਲ ਕੀਤਾ ਗਿਆ ਹੈ। ਉਦਾਹਣ ਵਜੋਂ ਕਵਿਤਾ 'ਵਕਤ ਦੀ ਝੰਬੜੀ' ਦੀਆਂ ਅਤੇ 'ਸਾਉਣ ਮਹੀਨਾ' ਦੀਆਂ ਤਿੰਨ-ਤਿੰਨ ਅਤੇ ਕਵਿਤਾ 'ਰਿਸ਼ਤੇ ਵੀ ਡਿਸਪੋਜਲ' ਦੀਆਂ ਦੋ ਕਵਿਤਾਵਾਂ ਸ਼ਾਮਲ ਹਨ। ਰੱਖੜ ਪੁੰਨਿਆ ਤੇ ਆਏ ਭੈਣ ਭਰਾਵਾਂ ਦਾ ਤਿਓਹਾਰ ਦਾ ਵਿਵਰਣ ਵੀ ਕੀਤਾ ਹੈ। ਇਸੇ ਤਰ੍ਹਾਂ ਬਸੰਤ ਤਿਓਹਾਰ ਆਉਂਦੀ ਖੁਸ਼ ਆਮਦੀਦ ਦੀ ਉਡੀਕ ਵਿੱਚ ਵਿਚਰਦੀ ਕਵਿਤਾ ਹੈ 'ਬਸੰਤ'। ਕਿਸਾਨੀ ਕਿਰਤੀਆਂ ਦੇ ਘਰ ਖੁਸ਼ੀਆਂ ਨਾਲ਼ ਭਰਨ ਦੀ ਕਾਮਨਾ ਕਰਦੀ ਹੈ-

'ਸਮਰਪਿਤ ਕਰੀਂ ਓ ਬਸੰਤ
ਕਿਰਤੀਆਂ ਦੇ ਮੁੜ੍ਹਕੇ ਨੂੰ
ਉਗਾਵੀਂ ਉਨ੍ਹਾਂ ਦੇ
ਨਸੀਬਾਂ ਦੀਆਂ ਉਮੀਦਾਂ।'
(ਪੰਨਾ-54)

ਭਗਤ ਸਿੰਘ ਸਰਾਭਾ ਅਜੀਤ ਜੁਝਾਰ ਵਰਗੇ ਸੂਰਮਿਆਂ ਨੂੰ ਯਾਦ ਕਰਦਿਆਂ ਅੱਜ ਦੀ ਪੀੜੀ ਨੂੰ ਸੁਚੇਤ ਕਰਨ ਦਾ ਯਤਨ ਕਰਦੀ ਹੈ ਕਵਿਤਾ 'ਵੇ ਮੁੰਡਿਓ ਪੰਜਾਬ ਦਿਓ' ਖੁਲਾਸਾ ਕਰਦੀ ਹੈ। ਜ਼ਮਾਨੇ ਵਿੱਚ ਮਿਲਦੇ ਮਾਨਾਂ-ਸਨਮਾਨਾਂ ਤੇ ਕਟਾਕਸ਼ ਕਰਦੀ ਕਵਿਤਾ 'ਚਾਪਲੂਸੀ' ਦੱਸਦੀ ਹੈ ਕਿ ਨੇੜਤਾ ਸ਼ਹੁਰਤ ਰੁਤਬਾ ਤਮਗੇ ਸਭ ਵਿਕਾਊ ਹਨ। ਇਨਾਮ ਸਨਮਾਨ ਲੈਣ ਲਈ ਬੰਦੇ ਆਪਣੀ ਜ਼ਮੀਰ ਮਾਰ ਕੇ ਕਿੰਨੇ-ਕਿੰਨੇ ਜੁਗਾੜ ਲਾਉਂਦੇ ਹਨ। ਕਵਿਤਾ ਵਿੱਚ ਵਰਨਣ ਆਉਂਦਾ ਹੈ-

'ਜ਼ਮੀਰ ਰਹਿਤ ਧੜ ਤੁਰ ਪੈਂਦੇ
ਸਾਹਿਬ ਦੀ ਜੁੱਤੀ ਦੇ ਨਿਸ਼ਾਨਾਂ ਪਿੱਛੇ
ਸਿਆਸਤ ਦੀਆਂ ਅਸ਼ਰਫ਼ੀਆਂ ਬਟੋਰਨ।'
(ਪੰਨਾ-82)

ਯਾਦਾਂ ਦੇ ਝਰੋਖੇ ਵਿੱਚ ਕਿਸ਼ੋਰ ਉਮਰ ਦੀਆਂ ਚੋਰ ਸਿਪਾਹੀ ਵਰਗੀਆਂ ਖੇਡਾਂ ਦਾ ਹੁਣ ਵਿਸਰ ਜਾਣਾ ਇੱਕ ਜ਼ਮਾਨੇ ਦੀ ਗੱਲ ਕਰਦੀ ਹੈ ਕਵਿਤਾ 'ਚੋਰ ਸਿਪਾਹੀ'। ਪੁਸਤਕ ਵਿਚਲੀ ਕਵਿਤਾ 'ਪੁਲ ਟੁੱਟਦੇ ਜਾ ਰਹੇ' ਮਨੁੱਖਤਾ ਵਿੱਚੋਂ ਮਨਫੀ ਹੁੰਦੀ ਜਾ ਰਹੀ ਮੁਹੱਬਤ ਦੀ ਚਰਚਾ ਕਰਦੀ ਹੈ। 'ਕਵਿਤਾ ਤ੍ਰਿਜਣ ਅਤੇ ਕਵਿਤਾ ਦਾ ਸਫ਼ਰ' ਕਵਿਤਾ ਸਿਰਜਣਾ ਆਦਿ ਦਾ ਬਿਰਤਾਂਤ ਸਿਰਜਦੀ ਹੈ। ਇਸ ਤੋਂ ਇਲ-ਾਵਾ ਪੁਸਤਕ ਦੀਆਂ ਕਵਿਤਾਵਾਂ ਪੂਰੇ ਦਾ ਬੁੱਲਾ ਤਰਕਾਲਾਂ ਵੇਲੇ ਅੱਖ ਭਰੀ ਸਾਡੇ ਮਨ ਦੀਆਂ ਬਾਤਾਂ ਨੀ ਘੁੱਗੀਏ ਕੁੜੇ ਕੁੜੀਏ ਤੂੰ-ਮੈਂ ਦੀਵਾਲੀ ਆਦਿ ਵੀ ਪੜ੍ਹਨਯੋਗ ਹਨ। ਕਵਿਤਾਵਾਂ ਦੀ ਭਾਸ਼ਾ ਸਰਲ ਵਰਤੀ ਗਈ ਹੈ। ਕਵਿਤਾ ਪਾਠਕਾਂ ਨੂੰ ਨਾਲ਼ ਲੈ ਕੇ ਤੁਰਦੀ ਹੈ। ਭਵਿੱਖ ਵਿੱਚ ਹੋਰ ਸਿਰਜਣਾ ਦੀ ਆਸ ਕੀਤੀ ਜਾਂਦੀ ਹੈ।



**ਤੇਜਿੰਦਰ ਚੰਡਿਹੋਕ**
**ਸਾਬਕਾ ਏ.ਐਸ.ਪੀ, ਨੈਸ਼ਨਲ ਐਵਾਰਡੀ ਬਰਨਾਲਾ।**
**ਸੰਪਰਕ 95010-00224**

# ਅਸਲੀ ਨਵਾਂ ਸਾਲ

ਸਾਡਾ ਨਵਾਂ ਸਾਲ ਚੇਤ ਦੇ ਮਹੀਨੇ ਵਿੱਚ ਆਊ ।
ਜਦੋਂ ਲਾਲ ਪੀਲ਼ੇ ਫੁੱਲਾਂ ਦੀ ਬਹਾਰ ਪੈਲਾਂ ਪਾਊ ।
ਸਾਰੀ ਦੁਨੀਆਂ ਦਾ ਭਲਾ ਫ਼ੇਰ ਮੰਗਾਂਗੇ ਅਸੀਂ ਵੀ ;
ਘਰ ਘਰ 'ਚ ਗੁਰਬਾਣੀ ਕੋਈ ਸੁਣੂੰ ਕੋਈ ਸੁਣਾਊ ।
ਪੈਣੀਂ ਜੀਵਨ ਦੀ ਜਾਚ ਓਸ ਵਾਂਗੂੰ ਅਪਣਾਉਂਣੀ ;
ਸਾਂਝੀ ਕਿਰਤ ਦੀ ਕਮਾਈ ਤੇਰੇ ਮੇਰੇ ਹਿੱਸੇ ਆਊ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

# ਨਵਾਂ ਸਾਲ

ਨਵੇਂ ਸਾਲ ਦੇ ਸੂਰਜਾ, ਰੁੱਸ ਕੇ ਨਾ ਜਾ ਦੂਰ।
ਘੁੰਡ ਚੁੱਕ ਮੁੱਖ ਵਿਖਾ ਦੇ,ਕਰ ਦੇ ਨੂਰੋ-ਨੂਰ।

ਜੋ ਤੇਰੇ ‘ਤੇ ਲਾਈਆਂ ,ਆਸਾਂ ਨੂੰ ਪਾ ਬੂਰ।
ਮਿਲੇ ਨਵੀਂ ਜੇ ਊਰਜਾ,ਆਲਸ ਹੋਵੇ ਚੂਰ।

ਨਿੱਘ ਧੁੱਪ ਦਾ ਵੰਡ ਕੇ,ਠੰਢ ਦਾ ਤੋੜ ਗ਼ਰੂਰ।
ਸਿਰ ‘ਨ੍ਹੇਰੇ ਦਾ ਕੁਚਲ ਕੇ, ਕਰ ਦੇ ਚਕਨਾਚੂਰ।

ਨਵੇਂ ਸਾਲ ਦੇ ਵਿੱਚ ਰਹੇ ,ਭੁੱਖਾ ਨਾ ਮਜ਼ਦੂਰ।
ਤਨ ਦੀ ਚਰਬੀ ਢਾਲ ਵੀ ,ਹੋਵੇ ਨਾ ਮਜਬੂਰ।

ਬਖ਼ਸ਼ ਖ਼ੁਸ਼ੀ ਹਰ ਬਸ਼ਰ ਨੂੰ, ਹਰ ਚਿਹਰੇ ਨੂੰ ਨੂਰ।
ਫ਼ਸਲਾਂ ਨੱਚਣ ਖੇਤ ਵਿੱਚ ,ਝੂਮਣ ਰੁੱਖ ਜ਼ਰੂਰ।

ਜਵਾਨੀ ਤੁਰੇ ਬਾਹਰ ਨਾ, ਭਰ ਪੂਰਾਂ ਦੇ ਪੂਰ।
ਬੁੱਢੇ ਮਾਂ ਬਾਪ ਦੇ ਨਾ,ਹਾਸੇ ਹੋਣ ਕਫੂਰ।

ਕਰ ਅਪਰੇਸ਼ਨ ਕੱਢੀਏ, ਨਫ਼ਰਤ ਦਾ ਨਾਸੂਰ।
ਪਾਈਏ ਗੰਢ ਪ੍ਰੇਮ ਦੀ,ਦਿਲ ਨੂੰ ਚੜ੍ਹੇ ਸਰੂਰ।



**ਅਮਰਜੀਤ ਕੌਰ ਮੋਰਿੰਡਾ**

# ਪੰਜਾਬੀ ਜ਼ੁਬਾਨ

ਤੇਰਾ ਨੀ ਪੰਜਾਬੀਏ! ਜਹਾਨ 'ਤੇ ਸ਼ੁਮਾਰ ਨੀ
ਵੱਖਰਾ ਹੀ ਰੂਪ ਤੇਰਾ, ਵੱਖਰਾ ਸ਼ਿੰਗਾਰ ਨੀ

ਦਾਦੀਆਂ ਤੇ ਨਾਨੀਆਂ ਦੇ ਮੂੰਹੋਂ ਪਾਈ ਬਾਤ ਤੂੰ
ਰੋਸੇ ਉਦਰੇਵਿਆਂ 'ਚ ਕੱਟੀ ਹੋਈ ਰਾਤ ਤੂੰ
ਤੇਰੇ ਮੋਢਿਆਂ ਦੇ ਉੱਤੇ ਪੀੜ੍ਹੀਆਂ ਦਾ ਭਾਰ ਨੀ...

ਬੁੱਲ੍ਹੇ ਦੇ ਪੰਜਾਬ ਨੂੰ ਪੰਜਾਬੀ ਦੀਆਂ ਬਾਰੀਆਂ
ਪੱਗਾਂ ਉੱਤੇ ਮਾਵੇ, ਮੋਢਿਆਂ 'ਤੇ ਫੁਲਕਾਰੀਆਂ
ਹੌਲ਼ੀ-ਹੌਲ਼ੀ ਚੇਤਿਆਂ' ਚੋਂ ਦਈਂ ਨਾ ਵਿਸਾਰ ਨੀ...

ਮੂੰਹ ਨਾ ਤੂੰ ਲਾਵੀਂ ਐਵੇਂ ਬਦਲੇ ਰਿਵਾਜ ਨੂੰ
ਰੋਲ਼ ਕੇ ਨਾ ਬਹਿਜੀਂ ਮੀਢੀਆਂ 'ਚ ਗੁੰਦੀ ਲਾਜ ਨੂੰ
ਵੀਣੀਆਂ 'ਚੋਂ ਵੰਗਾਂ ਐਵੇਂ ਦਈਂ ਨਾ ਉਤਾਰ ਨੀ...

ਬੋਲ ਤੇਰਾ ਸ਼ਹਿਦ ਨਾਲੋਂ ਮਿੱਠਾ ਤੇ ਸਵਾਦ ਨੀ
ਚੇਤਿਆਂ 'ਚ ਤੇਰੇ ਵੱਡੇ ਬਾਬਿਆਂ ਦੀ ਯਾਦ ਨੀ
ਤੇਰੇ ਹੀ ਮੜੰਗੇ 'ਚ ਪੰਜਾਬ ਦੀ ਨੁਹਾਰ ਨੀ...

ਸਾਡੇ ਕੱਚੇ ਵਿਹੜਿਆਂ 'ਚ ਕਿੱਕਲੀਆਂ ਪਾਈਆਂ ਤੂੰ
ਜੀਅ ਪਰਚਾਏ ਗੁੱਡੇ-ਗੁੱਡੀਆਂ ਖਿਡਾਈਆਂ ਤੂੰ
ਜੂਨ ਸਾਡੇ ਵਿਰਸੇ ਦੀ ਰੱਖੀ ਏ ਸੰਵਾਰ ਨੀ...

ਆਜਾ ਸਾਨੂੰ ਗੁੜ੍ਹ ਦੀਆਂ ਰਿਓੜੀਆਂ ਖਵਾਉਣ ਦੇਹ
ਖ਼ਾਦੀ ਦਿਆਂ ਝੱਗਿਆਂ ਦੇ ਖ਼ੀਸਿਆਂ 'ਚ ਪਾਉਣ ਦੇਹ
ਸਾਡਾ ਤਾਂ ਸ਼ੁਦੈਣੇ ਚੰਗੇ ਵੇਲ਼ਿਆਂ ਦਾ ਪਿਆਰ ਨੀ...

ਤੈਨੂੰ ਤਾਂ ਰਕਾਨੇ ਵੱਡੇ ਪੀਰ ਮੱਥਾ ਟੇਕਦੇ
ਤੂੰਬੀ, ਅਲਗੋਜ਼ੇ ਤੇਰਾ ਰਾਹ ਲਾਡੋ ਵੇਖਦੇ
ਘੋੜੀਆਂ, ਸੁਹਾਗ ਟੱਪੇ ਗੀਤਾਂ ਦੀ ਬਹਾਰ ਨੀ...

ਚੜ੍ਹਦੇ ਤੇ ਲਹਿੰਦੇ ਦੀ ਕਮਾਨ ਤੇਰੇ ਹੱਥ ਨੀ
ਬੋਲੀ ਦੇ ਲਿਹਾਜ ਨਾ਼ਲੋਂ ਕੀਤਾ ਨਹੀਂਓ ਵੱਖ ਨੀ
ਇੱਕੋ ਜਿਹਾ ਸਾਕ ਤੇਰਾ ਦੋਵਾਂ ਵਿਚਕਾਰ ਨੀ...

ਮੁੱਖੜਾ ਤੂੰ ਪਹਿਲੀ ਵਾਰੀ ਲਿਖੇ ਹੋਏ ਗੀਤ ਦਾ
ਧੁਰਾ ਪੰਜ ਪਾਣੀਆਂ ਦੀ ਸਗਲ ਪ੍ਰੀਤ ਦਾ
ਅਜੇ ਤੱਕ ਰਹੀ ਸਾਡੇ ਸੀਨਿਆਂ ਨੂੰ ਠਾਰ ਨੀ...

ਤੇਰਾ ਨੀ ਪੰਜਾਬੀਏ! ਜਹਾਨ 'ਤੇ ਸ਼ੁਮਾਰ ਨੀ
ਵੱਖਰਾ ਹੀ ਰੂਪ ਤੇਰਾ, ਵੱਖਰਾ ਸ਼ਿੰਗਾਰ ਨੀ



**ਰਿਤੂ ਵਾਸੂਦੇਵ**

# ਨਵੇਂ ਸਾਲ ਵਿੱਚ ਨਵਾਂ ਕੀ ਹੋਇਆ

ਗਲਤੀਆਂ ਦਾ ਖਮਿਆਜ਼ਾ ਭੁਗਤ ਦੇ
ਤਨਖ਼ਾਹੀਏ ਹੋ ਗਏ ਆਗੂ
ਕਿਹੜਾ ਪੁਰਾਣਾ ਕਨੂੰਨ ਬਦਲਿਆ ਨਾ ਨਵਾਂ ਹੋਇਆ ਲਾਗੂ
ਬਹੁਤਾ ਨਹੀਂ ਇਤਬਾਰ ਕਿਸੇ ਤੇ ਹਰ ਅੱਖ ਜਾਪੇ ਸ਼ੱਕੀ
ਜਿਵੇਂ ਦਾ ਸੀ ਵੀਹ ਸੌਂ ਚੌਵੀ ਉਵੇਂ ਦਾ ਵੀਹ ਸੌ ਪੱਚੀ

ਉਹ ਹੀ ਦਿਨ ਤੇ ਉਹ ਹੀ ਰਾਤਾਂ ਗ਼ੁਰਬਤ ਦੇ ਵਿੱਚ ਲੋਕੀ
ਪੂੰਜੀਪਤੀ ਮਾਸ ਮਜ਼ਬੂਰ ਦਾ ਅੱਜ ਵੀ ਜਾਂਦਾ ਨੋਚੀ
ਨਵੇਂ ਸਾਲ ਵਿੱਚ ਨਵਾਂ ਕੀ ਹੋਇਆ ਕਈ ਘਰੀਂ ਨਹੀਂ ਰੋਟੀ ਪੱਕੀ
ਜਿਵੇਂ ਦਾ ਸੀ ਵੀਹ ਸੌ ਚੌਵੀ ਉਵੇ ਦਾ ਵੀਹ ਸੌ ਪੱਚੀ

ਨਾਹੀਂ ਘਟੀ ਮਹਿੰਗਾਈ ਦੋਸਤੋ ਤੇ ਨਾਹੀਂ ਵੱਧੀ ਦਿਹਾੜੀ
ਧਰਮਾਂ ਜਾਤਾਂ ਗੋਤਾਂ ਦੇ ਵਿੱਚ ਇਨਸਾਨਾਂ ਨੂੰ ਜਾਦੇ ਪਾੜੀ
ਪਿੰਡਾਂ ਦੇ ਪਿੰਡ ਉਜਾੜ ਦਿੱਤੇ ਆ ਨਸ਼ੇ ਨੇ ਕਰੀ ਤਰੱਕੀ
ਜਿਵੇਂ ਦਾ ਸੀ ਵੀਹ ਸੌ ਚੌਵੀ ਉਵੇਂ ਦਾ ਵੀਹ ਸੌ ਪੱਚੀ

ਗੁਰਮੀਤ ਡਮਾਣੇ ਵਾਲਿਆ ਤੂੰ ਵੀ ਵੰਡਣੋ ਹਟ ਜਾ ਜ਼ਹਿਰਾਂ
ਸਮੇਂ ਦੀਆਂ ਸਰਕਾਰਾਂ ਵਾਂਗਰ ਹੋਜਾ ਗੂੰਗਾ ਬਹਿਰਾ
ਤੂੰ ਵੀ ਵੱਟ ਲੈ ਪਾਸਾ ਸਭ ਤੋਂ ਜਿਵੇਂ ਹੋਰ ਬੈਠੇ ਆ ਵੱਟੀ
ਜਿਵੇ ਦਾ ਸੀ ਵੀਹ ਸੌ ਚੌਵੀ ਉਵੇਂ ਦਾ ਵੀਹ ਸੌ ਪੱਚੀ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ (ਜਲੰਧਰ)**



# ਸਿੱਖ ਇਤਿਹਾਸ: ਸ੍ਰੀ ਗੁਰੂ ਨਾਨਕ ਦੇਵ ਜੀ

**ਜੌੜਨ ਲਈ ਪਿਛਲਾ ਅੰਕ ਦੇਖੋ**

ਨਿਰੇ ਬਿਨੋਦ ਸਿੰਘ ਦੇ ਗੁਰਦਾਸ ਨੰਗਲ ਤੋਂ ਚਲੇ ਜਾਣ ਦੀ ਇੱਕੋ ਇਕ ਉਦ-ਾਹਰਣ ਵਿਚੋਂ ਅਜਿਹਾ ਸਿੱਟਾ ਨਹੀਂ ਕੱਢਿਆ ਜਾ ਸਕਦਾ ਵੈਸੇ ਬੰਦਾ ਸਿੰਘ ਬਹਾਦਰ ਜੀ ਨੂੰ ਬਾਬਾ ਬਿਨੋਦ ਸਿੰਘ ਜੀ ਗੱਲ ਮਨ ਕੇ ਗੁਰਦਾਸ ਨੰਗਲ ਤੋਂ ਬਾਹਰ ਨਿਕਲ ਜਾਣਾ ਚਾਹੀਦਾ ਸੀ ਅਤੇ ਫੇਰ ਫੌਜ ਅਤੇ ਹੀਥਆਰ ਇਕੱਠੇ ਕਰਕੇ ਪਹਿਲਾਂ ਕੱਲੇ ਪੰਜਾਬ ਵਿਚ ਗੁਰੀਲਾ ਵਾਰ ਛੇੜਣਾ ਚਾਹੀਦਾ ਸੀ ਕਿਉਂਕਿ ਐਡੀ ਵੱਡੀ ਮੁਗਲ ਸਲਤਨਤ ਅਤੇ ਜਿੱਥੇ ਪਹਾੜੀ ਰਾਜੇ ਅਤੇ ਹੋਰ ਵੀ ਲੋਕ ਦੁਸ਼ਮਣ ਬਣੇ ਹੋਏ ਸਨ ਬਗਰੈ ਵਸੀਲਿਆਂ ਤੋਂ ਜੰਗ ਲੜਣਾ ਮੁਸ਼ਕਲ ਸੀ ਪਰ ਫੇਰ ਵੀ ਬੰਦਾ ਸਿੰਘ ਬਹਾਦਰ ਦੀ ਹਿੰਮਤ ਅਤੇ ਹੌਸਲੇ ਦੀ ਦਾਦ ਦੇਣੀ ਬਣਦੀ ਹੈ । ਇਕ ਹੋਰ ਗੱਲ ਦਾ ਇਲਜ਼ਾਮ ਲਗਾਇਆ ਗਿਆ ਕਿ ਬੰਦਾ ਸਿੰਘ ਬਹਾਦਰ ਨੇ ਸਿਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਧਵਾ ਮਾਤਾ ਸੁੰਦਰੀ ਜੀ ਦੀਆਂ ਹਿਦਾਇਤਾਂ ਦੀ ਉਲੰਘਣਾ ਕੀਤੀ ਸੀ ਜਿਨ੍ਹਾਂ ਨੇ ਮੁਗਲ ਸਰਕਾਰ ਨਾਲ ਮਿਲਕੇ ਸਿੱਖਾ ਨੂੰ ਕਿਹਾ ਸੀ ਕਿ ਉਹ ਆਪਣੇ ਆਪ ਨੂੰ ਉਸ ਤੋਂ ਵਖਰਾ ਕਰ ਲੈਣ ਪਰ ਸਮਕਾਲੀ ਲਿਖਤਾਂ ਤੋਂ ਇਹਾ ਜਿਹਾ ਕੁਝ ਵੀ ਨਹੀਂ ਮਿਲਦਾ ਕਿ ਇਸ ਦੁਸ਼ਣ ਨੂੰ ਸਿੱਧ ਕਰ,ਮਾਤਾ ਸੁੰਦਰੀ ਜੀ ਨੇ ਮੁਗਲ ਸਰਕਾਰ ਨਾਲ ਕੋਈ ਗੱਲ ਬਾਤ ਨਹੀਂ ਸੀ ਕੀਤੀ ਮਾਤਾ ਸੁੰਦਰੀ ਜੀ ਨੇ ਮੁਗਲ ਸਰਕਾਰ ਨਾਲ ਗੱਲ ਕਰਨੀ ਵੀ ਕਿਓਂ ਸੀ ਮੁਗਲ ਸਰਕਾਰਾਂ ਤਾਂ ਹਰ ਗੁਰੂ ਸਾਹਿਬਾਨਾਂ ਨਾਲ ਸ਼ੂਰੂ ਤੋਂ ਹੀ ਵੈਰ ਕਮਾਉਂਦੀਆਂ ਰਹੀਆਂ ਸਨ। ਸਿੱਖਾਂ ਨੇ ਜਰਨੈਲ ਬੰਦਾ ਸਿੰਘ ਬਹਾਦਰ ਵੱਲ ਪਿੱਠ ਮੋੜਣ ਦੀ ਥਾਂ ਆਖਰੀ ਸਮੇਂ ਤਕ ਉਸਦਾ ਸਾਥ ਦਿੱਤਾ ਅਤੇ ਉਸ ਨਾਲ ਦਿੱਲੀ ਵਿਚ ਆਪਣੀਆਂ ਜਾਨਾ ਕੁਰਬਾਨ ਕੀਤੀਆਂ । ਇਸ ਵਿਚ ਰੱਤਾ ਵੀ ਸ਼ੱਕ ਨਹੀਂਕਿ ਸਾਰੇ ਸਿੱਖ ਬੰਦਾ ਸਿੰਘ ਦੀ ਅਗਵਾਈ ਵਿਚ ਇਕੱਠੇ ਸਨ ਅਤੇ ਉਨ੍ਹਾਂ ਵਿਚ ਉਸਨੇ ਇਨਸਾਫ਼ ਦੀ ਇਕ ਅਜਿਹੀ ਸੱਤਾ ਸਥਾਪਿਤ ਕੀਤੀ ਜੋ ਗਰੀਬਾਂ ਅਤੇ ਲਤਾੜੇ ਹੋਏ ਲੋਕਾਂ ਨੂੰ ਨਿਆਂ ਪਰਦਾਨ ਕਰੇ।ਅਤੇ ਜਿਹੜੇ ਗਰੀਬ ਲੋਕਾਂ ਤੇ ਜੁਲਮ ਢਾਅ ਰਹੇ ਸਨ ਉਨ੍ਹਾਂ ਨੂੰ ਸੱਖ਼ਤ ਸਜਾ ਦੇਵੇ।ਉਹ ਆਪਣੇ ਕਰਮਚਾਰੀਆਂ ਨੂੰ ਕਿਹਾ ਕਰਦਾ ਸੀ ਸ੍ਰੀ ਗੁਰੂ ਗਰੰਥ ਸਾਹਿਬ ਅਨੁਅਸਾਰ ਹਾਕਮ ਲਈ ਸਭਤੋਂ ਉੱਤਮ ਪੁਜਾ ਇਨਸਾਫ਼ ਪਸੰਦ ਹੋਣਾ ਹੈ ਜੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੇ ਸਿੱਖ ਕਹਿੰਦੇ ਹੋ ਤਾਂ ਕੋਈ ਪਾਪ ਅਧਰਮ,ਅਤੇ ਬੇਇਨਸਾਫ਼ੀ ਵਾਲਾ ਕੰਮ ਨਾ ਕਰੋ,ਸਿੱਖ ਮਤ ਨੂੰ ਤਰੱਕੀ ਵੱਲ ਲੈਕੇ ਜਾਉ ਅਤੇ ਸਿੱਖ ਵਿਰੋਧੀ ਢੰਗ ਨਾਲ ਵਰਤਾਉ ਕਰਨ ਵਾਲਿਆਂ ਨੂੰ ਪਛਾੜ ਦਿਉ।ਨਿਆਂ ਕਰਨ ਲਈ ਅਤੇ ਦੋਸ਼ੀਆਂ ਨੂੰ ਸਜਾ ਦੇਣ ਲਈ ਅਕਸਰ ਸਖ਼ਤੀ ਕੀਤੀ ਜਾਂਦੀ ਸੀ।

ਬੰਦਾ ਸਿੰਘ ਬਹਾਦਰ ਨੇ ਦੋ ਵਿਆਹ ਕੀਤੇ ਸਨ ਪਹਲੀ ਪਤਨੀ ਜਿਹੜੀ ਚੰਬਾ ਦੇ ਮਾਹਾਰਜਾ ਉਦੈ ਸਿਘ ਦੀ ਬੇਟੀ ਰਾਜਕੁਮਾਰੀ ਰਤਨਾ ਸੀ ਅਤੇ ਵਿਆਹ ਤੋਂ ਬਅਦ ਬੀਬੀ ਸੁਸ਼ੀਲ ਕੋਰ ਦੇ ਨਾਂ ਨਾਲ ਜਾਣੀ ਜਾਂਦੀ ਸੀ ਬਾਦਸ਼ਾਹ ਫ਼ਰੁਸੀਅਰ ਲਾਹੋਰ ਦੇ ਗਵਰਨਰ ਜ਼ਕਰੀਅ ਖਾਨ ਨੂੰ ਹਿਦਾਇਤ ਕੀਤੀ ਬੰਦਾ ਸਿੰਘ ਬਹਾਦਰ ਦੀ ਪਤਨੀ ਰਾਜਕੁਮਾਰੀ ਰਤਨਾ (ਸੂਸ਼ੀਲ ਕੌਰ ) ਅਤੇ ਉਸਦੇ ਪੁੱਤਰ ਅਜੈ ਸਿੰਘ ਨੂੰ ਚੰਬਾ ਤੋਂ ਕੈਦ ਕਰਕੇ ਦਿੱਲੀ ਲਿਆਂਦਾ ਜਾਵੇ ਉਨ੍ਹਾਂ ਦੋਨਾਂ ਨੂੰ ਕੋਤਵਾਲ ਸਰਬਰਾਹ ਖਾਨ ਦੀ ਨਿਗਰਾਨੀ ਹੇਠ ਰੱਖਿਆਂ ਹੋਇਆ ਸੀ।ਜਦੋਂ ਸਿਪਾਹੀ ਅਜੈ ਸਿੰਘ ਨੂੰ ਲੈਕੇ ਗਏ ਤਾਂ ਰਾਜਕੁਮਾਰੀ ਰਤਨਾ ਸੁਸ਼ੀਲ ਕੌਰ ਨੂੰ ਸਮਝਣ ਵਿਚ ਦੇਰ ਨਹੀਂ ਸੀ ਲੱਗੀ ਕਿ ਉਸ ਨਾਲ ਵੀ ਕੁਝ ਵਾਪਰਣ ਵਾਲਾ ਹੈ ਮੌਕਾ ਮਿਲਦਿਆਂ ਹੀ ਬੀਬੀ ਸੁਸ਼ੀਲ ਕੋਰ ਨੇ ਧਰਮ ਦੀ ਰੱਖਿਆ ਕਰਨ ਲਈ ਸ਼ਾਹੀ ਜਨਾਨਖਾਨੇ ਦੇ ਬਾਹਰ ਬਣੇ ਖੂਹ ਵਿਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ। ਬੰਦਾ ਸਿੰਘ ਬਹਾਦਰ ਦੀ ਦੂਸਰੀ ਪਤਨੀ ਦਾ ਨਾਂ ਬੀਬੀ ਸਾਹਿਬ ਕੋਰ ਸੀ ਅਤੇ ਉਸਦੇ ਪੁੱਤਰ ਦਾ ਨਾਂ ਰਣਜੀਤ ਸਿੰਘ ਸੀ ਅਤੇ ਰਣਜੀਟ ਸਿੰਘ ਦੇ ਦੋ ਪੁੱਤਰ ਹੋਏ ਜਿਨ੍ਹਾਂ ਦਾ ਨਾਂ ਝੁਝਾਰ ਸਿੰਘ ਅਅਤੇ ਜੋਰਾਵਰ ਸਿੰਘ ਸੀ ਜੌਰਾਵਰ ਸਿੰਘ ਦੇ ਵੀ ਦੋ ਪੁੱਤਰ ਸਨਂ ਫਤਹਿ ਸਿੰਘ ਅਤੇ ਸੁਚੇਤ ਸਿੰਘ ਸੀ ਬੰਦਾ ਸਿੰ ਬਹਾਦਰ ਜੀ ਦਾ ਸਸਕਾਰ ਦਿੱਲੀ ਵਿਚ ਯਮੁਨਾ ਨਦੀ ਕਿਨਾਰੇ ਤੇ ਕੀਤਾ ਗਿਆ ਅਤੇ ਮਾਤਾ



ਸਾਹਬ ਕੋਰ ਦਾ ਭਰਾ ਅਸਥੀਆਂ ਰਿਆਸੀ ਲੈ ਗਿਆ ਤਾਂਕਿ ਮਾਤਾ ਸਾਹਬ ਕੌਰ ਜੀ ਰਸਪੈਕਟ ਅਤੇ ਦਰਸ਼ਣ ਕਰ ਸਕਣ ? ਬੰਦਾ ਸਿੰਘ ਬਹਾਦਰ ਜੀ ਦੀਆਂ ਅਸਥੀਆਂ ਹਾਲੇ ਤੱਕ ਵੀ ਡੇਰਾ ਬਾਬਾ ਬੰਦਾ ਸਿੰਘ ਬਹਾਦਰ ਵਿਚ ਪਈਆਂ ਹਨ ਮੇਰੀ ਗੁਜਾਰਿਸ਼ ਹੈ ਕਿ ਸ਼ਿਰੋਮਣੀ ਪਰਬੰਦਕ ਕਮੇਟੀ ਨੂੰ ਡੇਰਾ ਸਾਹਬ ਦੇ ਅਧਿਕਾਰੀਆਂ ਨਾਲ ਗੱਲ ਬਾਤ ਕਰਕੇ ਅਸਥੀਆਂ ਨੂੰ ਕੀਰਤ ਪੁਰ ਪ੍ਰਵਾਹ ਕਰ ਦੇਣਾ ਚਾਹੀਦਾ ਹੈ।ਬੰਦਾ ਸਿੰਘ ਦਾ ਅੰਤਿਮ ਮਨੋਰਥ ਮੁਲਕ ਨੂੰ ਮੁਗਲਰਾਜ ਤੋਂ ਸੁਤੰਤਰ ਕਰਵਾਉਣਾ ਸੀ ਜਿਹੜਾ ਆਪਣੇ ਬਹੁਤ ਸਾਰੇ ਲੱਛਣਾ ਤੋਂ ਹਾਲੇ ਵੀ ਵਿਦੇਸ਼ੀ ਸੀ ਇਹ ਰਾਜ ਉਨਾਂ ਹੀ ਸਖ਼ਤ ਅਤੇ ਹਮਦਰਦੀ ਤੋਂ ਸੱਖਣਾ ਸੀ ਜਿਨਾਂ ਗੁਰੂ ਨਾਨਕ ਦੇਵ ਜੀ ਵੇਲੇ ਸੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੇ ਰਾਜ ਨੂੰ ਸੀਹਾਂ ਅਤੇ ਕੁਤਿਆਂ ਦਾ ਰਾਜ ਕਿਹਾ ਸੀ ਬੰਦਾ ਸਿੰਘ ਬਹਾਦਰ ਨੇ ਪਹਿਲਾਂ ਤਾਂ ਲੋਕਾਂ ਦੀ ਆਤਮਾ ਨੂੰ ਸੁਤੰਤਰ ਕੀਤਾ ਫੇਰ ਰਾਜਸੀ



**Bhagwan Singh Tagar**

ਚੇਤਨਤਾ ਨੂੰ ਉਭਾਰ ਕੇ ਜੁਲਮ ਅਤੇ ਜਬਰ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਵਿਚ ਏਕਤਾ ਭਰੀ।ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਆਪਣੇ ਹੱਕਾਂ ਦੀ ਰੱਖਿਆਂ ਲਈ ਇਕ ਇਨਕਲਾਬੀ ਸ਼ਕਤੀ ਵਜੋਂ ਤਿਆਰ ਕੀਤਾ ਉਨ੍ਹਾਂ ਨੇ ਬ੍ਰਾਹਮਣਾ ਅਤੇ ਮੋਲਾਣਿਆਂ ਦੇ ਵਿਰੋਧ ਵਿਚ ਆਪਣੀ ਮਰਜੀ ਦਾ ਭੋਜਣ ਪੂਜਾ ਕਰਣ ਅਤੇ ਆਪਣੇ ਵਿਚਾਰ ਪ੍ਰਕਟ ਕਰਨ ਦੀ ਖੁਲ੍ਹ ਦੁਆਈ।ਛੇਵੇਂ ਅਤੇ ਦਸਵੇਂ ਪਾਤਸ਼ਾਹ ਨੇ ਉਨ੍ਹਾਂ ਨੂੰ ਲੜਾਈ ਵਿਚ ਲੜਣਾ ਮੁਗਲਾਂ ਦੇ ਭੈਅ ਨੂੰ ਨਸ਼ਟ ਕਰਨਾ ਸਿਖਾਇਆ ਉਨ੍ਹਾਂ ਨੇ ਕਦੇ ਵੀ ਇਲਾਕਾ ਜਿੱਤਣ,ਵੈਰੀਆਂ ਨੂੰ ਕੈਦੀ ਬਣਾਉਂਣ ਜਾਂ ਉਨ੍ਹਾਂ ਤੋਂ ਧਨ ਨੂੰ ਖੋਹਿਆ। ਬੰਦਾ ਸਿੰਘ ਪਹਿਲਾ ਅਦਮੀ ਸੀ ਜਿਸਨੇ ਸਿਆਸੀ ਰਾਜ ਸਥਾਪਿਤ ਕਰਨ ਬਾਰੇ ਸੋਚਿਆ ਉਸਨੇ ਮੁਗਲ ਰਾਜ ਦਾ_ਰਾ ਖੋਜ ਮਿਟਾਓਣ ਲਈ ਲੜਾਈਆਂ ਲੜੀਆਂ ਉਸਨੇ ਸਰਕਾਰੀ ਕਰਮਚਾਰੀਆਂ ਨੂੰ ਨੌਕਰੀ ਤੋਂ ਕਢੱਕੇ ਉਨ੍ਹਾਂ ਦੀ ਜਗ੍ਹਾ ਆਪਣੇ ਆਦਮੀ ਲਗਾਏ ਉਸਨੇ ਜਿਮੀਦਾਰ ਪ੍ਰਨਾਲੀ ਲਾਗੂ ਕੀਤੀ ਜਿਹੜੀ ਅਜ ਤੱਕ ਭੁਮੀ ਸੁਧਾਰਾਂ ਵਿੱਚੋਂ ਸਭਤੋਂ ਵਧਿਆਂ ਗਿਣੀ ਜਾਂਦੀ ਹੈ ਉਸਨੇ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕਰਕੇ ਕੁਝ ਸਮੇਂ ਲਈ ਲੋਕਾਂ ਨੂੰ ਇਹ ਅਹਿਸਾਸ ਕਰਾ ਦਿੱਤਾ ਕਿ ਇਸ ਮੁਲਕ ਵਿਚ ਇਕ ਮਹਾਨ ਪ੍ਰਤਿਭਾ ਵਾਲਾ ਵਿਅਕਤੀ ਉਠਿਆ ਹੈ ਜਿਹੜਾ ਸਦੀਆਂ ਤੋਂ ਹੋ ਰਹੀਆਂ ਵਧੀਕੀਆਂ ਨੂੰ ਠੱਲ ਪਾ ਦੇਵੇਗਾ ਅਤੇ ਨਵਾਂ ਪ੍ਰਬੰਧ ਸਥਾਪਿਤ ਕਰੇਗਾ ।

ਪਰ ਇਹ ਕੰਮ ਉਸਤੋਂ ਬੜਾ ਭਾਰੀ ਸਾਬਤ ਹੋਇਆ ਮੁਗਲਰਾਜ ਦੀਆਂ ਜੜ੍ਹਾਂ ਮੁਲਕ ਵਿਚ ਬਹੁਤ ਡੂਘੀਆਂ ਉੱਤਰੀਆਂ ਹੋਈਆਂ ਸਨ ਸਰਕਾਰ ਦੀ ਖੁਸ਼ਕਿਸਮਤੀ ਸੀ ਕਿ ਅਬਦੁਸ-ਸਮਦ ਖਾਂ ਵਰਗੇ ਡਾਢੇ ਬੰਦੇ ਦੇ ਹੱਥਾਂ ਵਿਚ ਸੀ ਜਿਸਨੇ ਇਥੋਂ ਦੀਆਂ ਸਾਰੀਆਂ ਅੁਪਲਬਧ ਸ਼ਕਤੀਆਂ ਨੂੰ ਇਕੱਠਿਆਂ ਕਰਕੇ ਸਿੱਖਾਂ ਨੂੰ ਠੱਲ ਪਾਈ ਰੱਖੀ। ਇਕ ਹੋਰ ਗੱਲ ਬੰਦਾ ਸਿੰਘ ਬਹਾਦਰ ਦਾ ਹੋਸਲਾ ਬੁਲੰਦ ਸੀ ਅਤੇ ਉਹ ਇਕ ਨੀਡਰ ਲੀਡਰ ਸੀ ਸਿੱਖ ਵੀ ਉਸਦੇ ਕਹਿਣੇ ਵਿਚ ਸਨ ਪਰ ਉਹ ਘੱਟ ਹੀਲੇ ਵਸੀਲੇ ਹੋਣ ਕਰਕੇ ਐਡੀ ਵੱਡੀ ਸਲਤਨਤ ਦਾ ਮੁਕਾਬਲਾ ਨਹੀ ਕਰ ਸਕਿਆ ਉਸਨੂੰ ਲੋੜੀਂਦਾਂ ਸਮਾਨ ਨਹੀਂ ਸੀ ਮਿਲ ਸਕਿਆ ਉਸਦੀ ਆਰੰਭ ਕੀਤੀ ਲਹਿਰ ਦੀਆਂ ਸਫਲ਼ਤਾਵਾਂ ਤੋਂ ਉਪਰਲੀਆਂ ਸ੍ਰਣੀਆਂ ਭੈ ਭੀਤ ਹੋ ਗਈਆਂ ਸਨ ਉਹ ਖੁੱਲਮ ਖੁੱਲਾਂ ਉਸਦੀ ਸਹਾਇਤਾ ਨਹੀਂ ਕਰ ਸਕੀਆਂ ਸਿੱਖਾਂ ਦੇ ਗਰੀਬ ਤਬਕੇ ਨੇ ਹੀ ਉਸਦਾ ਸਾਥ ਦਿੱਤਾ ਅਤੇ ਉਹ ਬਹੁਤ ਥੋਹੜੀ ਗਿਣਤੀ ਵਿਚ ਸਨ ਆਮ ਹਿੰਦੂ ਜਨਤੋ ਬੰਦਾ ਸਿਘ ਬਹਾਦਰ ਦਾ ਸਾਥ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਨੂੰ ਗੁਲਾਮੀ ਪਸੰਦ ਸੀ।ਬਹੁਤ ਸਾਰੇ ਰਾਜਿਆਂ ਜਿਵੇਂ ,ਬਦਨ ਸਿੰਘ ਕਛਵਾਹਾ,ਉਦਿਤ ਸਿੰਘ ਬੁੰਦਲਾ,ਚੂੜਾਮਨ ਜਾਟ,ਗੋਪਾਲ ਸਿੰਘ ਭਦੌੜਿਆ,ਬਚਨ ਸਿੰਘ ਕੁਛਵਾਹਾ ਅਤੇ ਸ਼ਿਵਾਲਾਕ ਦੇ ਪਹਾੜੀ ਰਾਜਿਆਂ ਨੇ ਬੰਦਾ ਸਿੰਘ ਬਹਾਦਰ ਦੇ ਵਿਰੂਧ ਮੁਗਲਾਂ ਨਾਲ ਮਿਲਕੇ ਬੜੀ ਤਕੜੀ ਜੰਗ ਲੜੀ ਕ੍ਰਿਕਿ ਉਹ ਅਜਾਦ ਹੋਣਾ ਹੀ ਨਹੀਂ ਸੀ ਚਾਹੁੰਦੇ ਇਨ੍ਹਾਂ ਸਾਰੇ ਕਾਰਨਾ ਕਰਕੇ ਬੰਦਾ ਸਿੰਘ ਦੀ ਸਫ਼ਲਤਾ ਬਹੁਤੀ ਦੇਰ ਨਾ ਰਹਿ ਸਕੀ ।

ਬੰਦਾ ਸਿੰਘ ਬਹਾਦਰ ਨੇ ਆਪਣੀ ਸਭ ਪਰਾਪਤੀਆਂ ਕੇਵਲ ਰਣ ਭੂਮੀ ਵਿਚ ਹੀ ਨਹੀਂ ਸਨ ਕੀਤੀਆਂ ।ਉਸਨੇ ਲੋਕਾਂ ਦੇ ਮਨਾ ਵਿਚ ਇਨਕਲਾਬ ਲਿਆਂਦਾ ਜਿਸਨੂੰ ਦੇਖਣ ਅਤੇ ਸਮਝਨ ਵਿਚ ਇਤਿਹਾਸ ਬਹੁਤ ਹੱਦ ਤਕ ਅਸਫਲ ਰਿਹਾ। ਉਸਨੇ ਜੁਲਮ ਦਾ ਟਾਕਰਾ ਕਰਨ ਅਤੇ ਆਪਣਾ ਰਾਸ਼ਟਰੀ ਮਨੋਰਥ ਲਈ ਜਿਉਣ ਅਤੇ ਮਰਨ ਲਈ ਆਮ ਲੋਕਾਂ ਦੇ ਅੰਦਰ ਮੁਕਾਬਲਾ ਕਰਨ ਦਾ ਸਾਹਸ ਅਤੇ ਦ੍ਰਿੜ੍ਹਤਾ ਪੈਦਾ ਕੀਤੀ ।ਇਸ ਸੰਬੰਧੀ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਦੇ ਪਾਏ ਪੂਰਨਿਆਂ ਨੇ ਆਉਣ ਵਾਲੇ ਭਿਆਨਕ ਸਮਿਆਂ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ ।ਕੋਮੀ ਰਾਜ ਦਾ ਵਿਚਾਰ ਜਿਹੜਾ ਚਿਰਾਂ ਤੋਂ ਮਰਿਆ ਪਿਆ ਸੀ ਫੇਰ ਸੁਰਜੀਤ ਹੋ ਗਿਆ ਅਤੇ ਭਾਵੈ ਉਸਨੂੰ ਆਰਜੀ ਤੌਰ ਤੇ ਹੀ ਸਖ਼ਤ ਅਤਿਆਚਾਰ ਕਰਕੇ ਦਬਾ ਦਿੱਤਾ ਗਿਆਸੀ ਪਰ ਉਹ ਸੁਲਗਤੀ ਅੱਗ ਦੀ ਤਰ੍ਹਾਂ ਅੰਦਰ ਹੋਲੀ ਹੋਲੀ ਕੰਮ ਕਰਦਾ ਰਿਹਾ। ਅਤੇ ਚਾਲੀ ਵਰ੍ਹੇ ਪਿੱਛੋਂ ਬੜੀ ਚਮਕ ਦਮਕ ਨਾਲ ਭਾਂਬੜ ਬਣਕੇ ਭੜਕ ਉੱਠਿਆ ਮੁੜਕੇ ਉਸਨੂੰ ਦਬਾਇਆ ਨਾ ਜਾ ਸਕਿਆ ।

**(ਸਮਾਪਤ)**

# ਮੁਬਾਰਕ ਨਵਾਂ ਸਾਲ

ਹੋਵੇ ਹਰ ਇੱਕ ਖੁਸ਼ਹਾਲ
ਖੁਸ਼ੀਆਂ ਖੇੜੇ ਲੈ ਕੇ ਐਵੇਂ
ਛੋਟੇ ਵੱਡੇ ਨੂੰ ਪਿਆਰ
ਹੋਵੇ ਗ਼ਰੀਬ ਯਾ ਅਮੀਰ
ਖੁੱਲ੍ਹੇ ਸਭ ਦੀ ਤੱਕਦੀਰ
ਮਿਲੇ ਸਾਰਿਆਂ ਰੋਟੀ
ਕੋਈ ਨਾ ਭੁੱਖਾ ਸੌਂਵੇ
ਖਿੜੇ ਰਹਿੰਦੇ ਜਿੱਦਾਂ ਫ਼ੁੱਲ
ਹਰ ਚੇਹਰਾ ਖਿੜਿਆ ਹੋਵੇ
ਰੋਜ਼ੀ ਰੋਟੀ ਸਭ ਨੂੰ ਮਿਲੇ
ਪੰਡ  ਦੁੱਖਾਂ ਦੀ ਨਾ ਕੋਈ ਢੋਵੇ
ਮਿਟੇ ਭਾਈਚਾਰੇ ਵਿੱਚ ਤੇਰ ਮੇਰ
ਬੱਲੀ ਸਾਰਿਆਂ ਦੀ ਸੁੱਖ ਲੋਡੇ



**.... ਬੱਲੀ ਈਲਵਾਲ**

for more news visit:
www.samajweekly.com

# ਰਹਿਬਰਾਂ ਦੇ ਬੁੱਤਾਂ ਦੀ ਭੰਨਤੋੜ ਕਰਨ ਵਾਲਿਆਂ ਪ੍ਰਤੀ ਜਜ਼ਬਾਤੀ ਕਲਮ ਦਾ ਰੋਸ

## ਚੇਤੇ ਰੱਖਿਓ ਹਾਕਮੋ

ਜਦ ਜਦ ਵੀ ਬੁੱਤਾਂ ਨੂੰ ਭੰਨੀ ਤੋੜੀ ਜਾਵੋਗੇ
ਚੇਤੇ ਰੱਖਿਓ ਹਾਕਮੋ ਉਦੋਂ ਬੜਾ ਪਛਤਾਵੋਗੇ
ਜਦੋਂ ਜਦੋਂ ਵੀ ਮੂਰਤੀਆਂ ਨੂੰ ਤੋੜੀ ਜਾਵੋਗੇ
ਜਦੋਂ ਜਦੋਂ ਵੀ ਹੱਥ ਸਟੈਚੂਆਂ ਤਾਂਈਂ ਲਾਵੋਗੇ
ਚੇਤੇ ਰੱਖਿਓ ਹਾਕਮੋ............

ਲੱਗੇ ਹੋਏ ਸਟੈਚੂ ਆਪਣੀ ਹੋਂਦ ਨੂੰ ਦੱਸਦੇ ਨੇ
ਕੀਤੇ ਹੋਏ ਮਾਰਗ ਦਰਸ਼ਨ ਦਿਲ ਵਿੱਚ ਵਸਦੇ ਨੇ
ਕੋਝੀਆਂ ਹਰਕਤਾਂ ਵਾਲੇ ਗੁਣ ਕਿੰਨਾਂ ਚਿਰ ਗਾਵੋਗੇ
ਚੇਤੇ ਰੱਖਿਓ ਹਾਕਮੋ............

ਰੋਜ਼ ਹੀ ਸੁਰਖੀ ਹੁੰਦੀ ਇੱਥੇ ਵਿੱਚ ਅਖਬਾਰਾਂ ਦੇ
ਬਿਆਨਾਂ ਦੇ ਵਿੱਚ ਨਫ਼ਰਤ ਗੂੰਜੇ ਵਾਂਗ ਅੰਗਿਆਰਾਂ ਦੇ
ਲੱਖਾਂ ਅਤੇ ਕਰੋੜਾਂ ਨੂੰ ਕਿੱਦਾਂ ਹੱਥ ਪਾਵੋਗੇ
ਚੇਤੇ ਰੱਖਿਓ ਹਾਕਮੋ............

ਸਾਡੇ ਪਿਤਾ ਪੈਗੰਬਰ ਪੁਰਖੇ ਲਿਖਤਾਂ ਵਿੱਚ ਜਿਉਂਦੇ
ਜੋ ਰਹੇ ਆਪਣੀ ਕੌਮ ਦੇ ਜ਼ਖਮਾਂ ਫੱਟਾਂ ਨੂੰ ਜਿਉਂਦੇ
ਸੀਨਿਆਂ ਦੇ ਵਿੱਚ ਛਪੇ ਕਲੰਡਰ ਕਿੱਦਾਂ ਲਾਵੋਗੇ
ਚੇਤੇ ਰੱਖਿਓ ਹਾਕਮੋ............



ਸਾਡੇ ਰਹਿਬਰ ਸਾਡੇ ਲਈ ਜੋ ਕਰ ਗਏ ਜੱਗ ਉੱਤੇ
ਭੌਂਕਣ ਵਾਲੇ ਟ਼ਲ ਨਹੀਂ ਸਕਦੇ ਭੌਂਕਣਗੇ ਕੁੱਤੇ
ਬੱਚ ਨਹੀਂ ਸਕਦੇ ਸੁੱਤੇ ਸ਼ੇਰ ਜੇ ਆਣ ਜਗਾਵੋਗੇ
ਚੇਤੇ ਰੱਖਿਓ ਹਾਕਮੋ............

# ਪ੍ਰਕਾਸ਼

ਆਓ ਬੱਚਿਓ ਪ੍ਰਕਾਸ਼ ਦੀ ਕਰੀਏ ਬਾਤ
ਪਾਠ ਸੌਖਾ ਮਾਰੀਏ ਇਸ ਤੇ ਪੰਛੀ ਝਾਤ।

ਪ੍ਰਕਾਸ਼ ਹੁੰਦਾ ਊਰਜਾ ਦਾ ਪਦਾਰਥਿਕ ਰੂਪ
ਜੋ ਖੁਦ ਪੈਦਾ ਕਰੇ ਉਹ ਪ੍ਰਕਾਸ਼ਮਾਨ ਸਰੂਪ

ਪ੍ਰਕਾਸ਼ ਉਤਪੰਨ ਨਾ ਕਰੇ ਚੁੱਪਚਾਪ ਬਹਿੰਦੇ
ਪ੍ਰਕਾਸ਼ਹੀਣ ਵਸਤੂ ਨੇ ਉਹਨਾਂ ਨੂੰ ਕਹਿੰਦੇ।

ਪ੍ਰਕਾਸ਼ ਲੰਘ ਜਾਵੇ ਜਿਸ ਦੇ ਆਰ ਤੇ ਪਾਰ
ਪਾਰਦਰਸ਼ੀ ਕਹਿਣ ਤੇ ਨਾ ਕਰੋ ਵਿਚਾਰ॥



ਸ਼ੈਅ ਨਾ ਲੰਘਣ ਦੇਵੇ ਜੋ ਪ੍ਰਕਾਸ਼ ਵਿਚਕਾਰ
ਅਪਾਰਦਰਸ਼ੀ ਵਸਤੂ ਦਾ ਦੱਸਿਆ ਸਾਰ।

ਅੱਧਪਾਰਦਰਸ਼ੀ ਪੂਰਾ ਪ੍ਰਕਾਸ਼ ਨਾ ਲੰਘਾਵੇ
ਇਸ ਰਾਹੀ ਧੁੰਦਲਾ ਧੁੰਦਲਾ ਨਜ਼ਰੀ ਆਵੇ

ਪ੍ਰਕਾਸ਼ ਸਦੀਵੀ ਹੀ ਤੁਰਦਾ ਸਿੱਧਾ ਸਾਰ
ਵਰਤਾਰਾ ਪ੍ਰਕਾਸ਼ ਹੈ ਸਰਲ ਰੇਖੀ ਪ੍ਰਸਾਰ।

ਪ੍ਰਕਾਸ਼ ਦੇ ਰਾਹ ਆਵੇ ਜੇ ਅਪਾਰਦਰਸ਼ੀ
ਪਰਛਾਵਾਂ ਬਣਦਾ ਹੈ ਉਦੋਂ ਅਰਸ਼ੀ-ਫਰਸ਼ੀ।

ਪਾਠ ਦੇ ਚੋਣਵੇ ਤੱਤ ਤੁਹਾਨੂੰ ਨੂੰ ਸਮਝਾਏ
ਕਵਿਤਾ ਨਾਲ ਐਸ ਪੀ ਪ੍ਰਕਾਸ਼ ਤੇ ਚਾਨਣਾ ਪਾਏ।

**ਸੁਰਿੰਦਰਪਾਲ ਸਿੰਘ**
**ਐਮ.ਐਸ.ਸੀ (ਗਣਿਤ)**
**ਐਮ.ਏ (ਅੰਗ੍ਰੇਜੀ )**
**ਐਮ.ਏ (ਪੰਜਾਬੀ)**
**ਐਮ. ਏ ( ਧਾਰਮਿਕ ਸਿੱਖਿਆ)**
**ਕਿੱਤਾ ਅਧਿਆਪਨ।**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਅਲੋਪ ਹੋ ਗਿਆ ਨਵੇਂ ਵਰ੍ਹੇ ਦੀ ਵਧਾਈ ਦਾ ਪੁਰਾਣਾ ਢੰਗ

ਸਮਾਜਿਕ ਸੰਦੇਸ਼ ਦੇਣ ਦੇ ਢੰਗ ਸਦਾ ਹੀ ਸਮੇਂ ਦੇ ਨਾਲ-ਨਾਲ ਬਦਲਦੇ ਰਹੇ ਹਨ। ਇਕ ਸਮਾਂ ਸੀ ਜਦੋਂ ਨਵੇਂ ਸਾਲ ਦੀ ਖੁਸ਼ੀ ਨੂੰ ਸਾਂਝਾ ਕਰਨ ਲਈ ਲੋਕ ਇੱਕ ਦੂਜੇ ਨੂੰ ਟੈਲੀਗ੍ਰਾਮ, ਚਿੱਠੀ, ਗ੍ਰਿੰਟਿੰਗ ਕਾਰਡ ਜਾਂ ਟੈਲੀਫੋਨ ਦੇ ਜ਼ਰੀਏ ਸੰਦੇਸ਼ ਦਿੰਦੇ ਸਨ। ਇਹ ਢੰਗ ਨਾ ਸਿਰਫ਼ ਖੂਬਸੂਰਤ ਸਨ, ਬਲਕਿ ਰਿਸ਼ਤਿਆਂ ਵਿੱਚ ਨਵਾਂ ਜ਼ੋਸ਼ ਅਤੇ ਪਿਆਰ ਦੀ ਮਹਿਕ ਭਰਦੇ ਸਨ। ਹਰੇਕ ਗ੍ਰੀਟਿੰਗ ਕਾਰਡ ਦੇ ਪਿੱਛੇ ਭੇਜਣ ਵਾਲੇ ਦੀਆਂ ਯਾਦਾਂ ਅਤੇ ਭਾਵਨਾਵਾਂ ਲੁਕੀਆਂ ਹੁੰਦੀਆਂ ਸਨ।

ਜਦੋਂ ਗ੍ਰੀਟਿੰਗ ਕਾਰਡ ਆਉਂਦੇ ਸਨ, ਉਹ ਸਿਰਫ਼ ਕਾਗਜ਼ ਦੇ ਟੁਕੜੇ ਨਹੀਂ ਹੁੰਦੇ ਸਨ, ਬਲਕਿ ਉਹ ਦਿਲ ਤੋਂ ਦਿਲ ਤੱਕ ਪਹੁੰਚਣ ਵਾਲਾ ਇੱਕ ਪੂਰਾ ਸੰਦੇਸ਼ ਹੁੰਦਾ ਸੀ। ਗ੍ਰੀਟਿੰਗ ਕਾਰਡ ਵਿੱਚ ਖਾਸ ਸੁੰਦੇਸ਼ ਲਿਖਿਆ ਜਾਂਦਾ ਸੀ ਅਤੇ ਬੂਹਤ ਸਮੇਂ ਤੱਕ ਸਾਂਭ ਕੇ ਰੱਖਿਆ ਵੀ ਜਾਂਦਾ ਸੀ। ਚਿੱਠੀਆਂ ਵੀ ਇਕ ਵਿਸ਼ੇਸ਼ ਮਹੱਤਵ ਰੱਖਦੀਆਂ ਸਨ। ਇੱਕ ਦੂਜੇ ਲਈ ਸਮਾਂ ਕੱਢ ਕੇ ਚਿੱਠੀ ਲਿਖਣ ਦਾ ਦੌਰ ਹੀ ਰਿਸ਼ਤਿਆਂ ਦੀ ਮਜ਼ਬੂਤੀ ਦਾ ਪ੍ਰਮਾਣ ਦਿੰਦਾ ਸੀ।

ਕਾਲਜ ਅਤੇ ਸਕੂਲ ਦੇ ਬੱਚੇ ਵੀ ਆਪਣੇ ਦੋਸਤਾਂ ਅਤੇ ਅਧਿਆਪਕਾਂ ਨੂੰ ਖ਼ੂਬਸੂਰਤ ਕਾਰਡ ਬਣਾਕੇ ਵਧਾਈ ਦਿੰਦੇ ਸਨ। ਟੈਲੀਗ੍ਰਾਮ ਦਾ ਜ਼ਿਕਰ ਕੀਤਾ ਜਾਵੇ ਤਾਂ ਇਹ ਦੂਰੀਆਂ ਨੂੰ ਘਟਾਉਣ ਵਾਲਾ ਲਿਖ਼ਤੀ ਰੂਪ 'ਚ ਸਭ ਤੋਂ ਤੇਜ਼ ਸੰਚਾਰ ਸਾਧਨ ਸੀ। ਟੈਲੀਫੋਨ ਤੇ ਨਵੇਂ ਸਾਲ ਦੀ ਖੁਸ਼ੀ ਸਾਂਝੀ ਕਰਨਾ ਵੀ ਅਹਿਸਾਸਾਂ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਨ ਦਾ ਉਸ ਤੋਂ ਵੀ ਤੇਜ਼ ਜ਼ਰੀਆ ਸੀ।

ਪਰ ਜਿਵੇਂ ਹੀ ਸਮੇਂ ਨੇ ਅੱਗੇ ਕਦਮ ਵਧਾਏ ਤਾਂ ਤਕਨਾਲੋਜੀ ਨੇ ਮਨੁੱਖੀ ਸੰਵੇਦਨਾਵਾਂ ਨੂੰ ਪਿਛੇ ਹੀ ਛੱਡ ਦਿੱਤਾ। ਆਧੁਨਿਕ ਯੁਗ ਨੇ ਸਮਾਜਿਕ ਸੰਦੇਸ਼ ਦੇਣ ਦੇ ਪੁਰਾਣੇ ਤਰੀਕਿਆਂ ਨੂੰ ਲਗਭਗ ਖ਼ਤਮ ਹੀ ਕਰ ਦਿੱਤਾ। ਅੱਜ ਜਦੋਂ ਨਵਾਂ ਸਾਲ ਆਉਂਦਾ ਹੈ, ਤਾਂ ਲੋਕਾਂ ਦੇ ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਤੇ "ਹੈਪੀ ਨਿਊ ਯੀਅਰ" ਦੇ ਮੈਸੇਜ ਅਤੇ ਇਮੌਜੀ ਦੀ ਬਹਾਰ ਹੁੰਦੀ ਹੈ।

ਹੁਣ ਕਿਸੇ ਨੂੰ ਵਧਾਈ ਭੇਜਣ ਲਈ ਵਿਸ਼ੇਸ਼ ਯਤਨ ਕਰਨਾ ਨਹੀਂ ਪੈਂਦਾ। ਸਿਰਫ਼ ਇੱਕ ਅੰਗੂਠੇ ਦੇ ਜ਼ਰੀਏ ਨਵੇਂ ਸਾਲ ਦੀ ਵਧਾਈ ਪਹੁੰਚਾ ਦਿੱਤੀ ਜਾਂਦੀ ਹੈ। ਇਸ ਤਕਨਾਲੋਜੀ ਦੇ ਯੁਗ ਨੇ ਜਿੱਥੇ ਵਧਾਈ ਦੇਣ ਦੇ ਢੰਗ ਤੇਜ਼ ਕੀਤੇ, ਉੱਥੇ ਹੀ





ਮਨੁੱਖੀ ਸੰਵੇਦਨਾਵਾਂ ਨੂੰ ਮਸ਼ੀਨੀ ਯੁੱਗ ਵੱਲ ਧੱਕ ਦਿੱਤਾ, ਲੋਕ ਪਹਿਲਾਂ ਜਿੱਥੇ ਆਪਣੇ ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨਾਲ ਸਮਾਂ ਬਿਤਾਉਣ ਨੂੰ ਮਹੱਤਵ ਦਿੰਦੇ ਸਨ, ਉੱਥੇ ਹੁਣ ਸਭ ਕੁਝ ਡਿਜੀਟਲ ਦੁਨੀਆਂ ਤੱਕ ਸੀਮਿਤ ਹੋ ਗਿਆ।

ਅਸੀਂ ਇਸ ਬਦਲਾਅ ਨੂੰ ਪੂਰੀ ਤਰ੍ਹਾਂ ਖ਼ਤਮ ਤਾਂ ਨਹੀਂ ਕਰ ਸਕਦੇ, ਪਰ ਇੱਕ ਕੋਸ਼ਿਸ਼ ਕਰਕੇ ਪੁਰਾਣੇ ਢੰਗਾਂ ਨੂੰ ਆਪਣਾ ਸਕਦੇ ਹਾਂ। ਇੱਕ ਗ੍ਰੀਟਿੰਗ ਕਾਰਡ, ਇੱਕ ਖ਼ੂਬਸੂਰਤ ਚਿੱਠੀ ਜਾਂ ਇੱਕ ਦੂਜੇ ਨਾਲ ਗਲੇ ਮਿਲ ਕੇ ਨਵੇਂ ਸਾਲ ਦੀ ਸ਼ੁਰੂਆਤ ਕਰਨ ਵਾਲੀ ਪ੍ਰਥਾ ਨੂੰ ਦੁਬਾਰਾ ਜਨਮ ਦੇ ਕੇ ਅਸੀਂ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਅਤੇ ਖ਼ੂਬਸੂਰਤ ਬਣਾ ਸਕਦੇ ਹਾਂ।

ਨਵੇਂ ਸਾਲ ਦੇ ਮੌਕੇ ਤੇ ਸਭ ਤੋਂ ਵਧੀਆ ਤੋਹਫ਼ਾ ਉਹੀ ਹੈ ਜਦੋਂ ਅਸੀਂ ਆਪਣੀ ਮੌਜੂਦਗੀ ਨੂੰ ਦੂਸਰੇ ਲਈ ਖ਼ਾਸ ਬਣਾਈਏ। ਖ਼ਾਸ ਤੌਰ 'ਤੇ ਜੇਕਰ ਅਸੀਂ ਪਿਆਰ ਅਤੇ ਮੌਜੂਦਗੀ ਨਾਲ ਇੱਕ ਦੂਜੇ ਦੀ ਖੁਸ਼ੀ ਦਾ ਹਿੱਸਾ ਬਣ ਸਕੀਏ, ਤਾਂ ਇਹ ਨਵੇਂ ਸਾਲ ਦੀ ਸਭ ਤੋਂ ਵਧੀਆ ਸ਼ੁਰੂਆਤ ਹੋਵੇਗੀ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਵਿਚਾਰਧਾਰਾ (ਗੁਪਤ ਅਤੇ ਲੁਪਤ)

**ਬੰਗਾ (ਚਰਨਜੀਤ ਸੱਲ੍ਹਾ)** ਵਿਚਾਰਧਾਰਾ : - ਕੁੱਝ ਸਮਾਂ ਪਹਿਲਾਂ ਕਿਸੇ ਵੀ ਸਮਾਜਿਕ ਜਾਂ ਧਾਰਮਿਕ ਵਿਚਾਰਧਾਰਾ (ਮੂਲ ਤੱਤਾਂ) ਦੇ ਪ੍ਰਚਾਰ - ਪ੍ਰਸਾਰ ਦਾ ਇੱਕ ਤਰੀਕਾ ਹੁੰਦਾ ਹੈ ਅਤੇ ਸੀ , ਜਿਸ ਨਾਲ ਇੱਕ ਸਮਾਜ ਨੂੰ ਉਸ ਵਿਚਾਰਧਾਰਾ ਨਾਲ ਜੋੜਨਾ ਹੁੰਦਾ ਹੈ ਅਤੇ ਹੋਰਾਂ ਵਿਰੋਧੀ ਵਿਚਾਰਧਾਰਾਵਾਂ ਬਾਰੇ ਜਾਣੂ ਵੀ ਕਰਵਾਉਣ ਹੁੰਦਾ ਹੈ ਜੋਕਿ ਗੁਪਤ(ਕੇਡਰ) ਸੀ। ਬਹੁਜਨ ਸਮਾਜ ਦੇ ਮਹਾਂਪੁਰਸ਼ਾਂ (ਸੰਪੂਰਨ/ਪੂਰੇ ਤਿਆਗਵਾਂਨ) ਦੁਆਰਾ ਸਮੇਂ - ਸਮੇਂ ਤੇ ਵਿਚਾਰਧਾਰਾ (ਗੁਪਤ ਕੇਡਰ) ਦੁਆਰਾ ਸਮਾਜ ਨੂੰ ਜਾਗਰੁਕ ਕਰਵਾਇਆ ਗਿਆ ,ਜਿਸ ਰਾਹੀਂ ਸਮਾਜ ਅਗਿਆਨਤਾ ਅਤੇ ਅੰਧ ਵਿਸ਼ਵਾਸ ਤੋਂ ਜਾਗਰੁੱਕ/ਪਰ੍ਹਾਂ ਰਿਹਾ ਪਰ ਧਿਆਨਦੇਣ ਯੋਗ ਗੱਲ ਇਹ ਰਹੀ ਕਿ ਜਿਹੜੇ -2 ਮਹਾਂਪੁਰਸ਼ਾ ਦੁਆਰਾ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ ਗਿਆ, ਉਹ ਇੱਕ ਕੇਡਰ ਦਾ ਜਾਂ ਪ੍ਰਚਾਰ ਪ੍ਰਸਾਰ ਦਾ ਗੁਪਤ ਤਰੀਕਾ ਹੁੰਦਾ ਸੀ ਜੋ ਕਿ ਅੱਜ ਲੁਪਤ (ਗੁਆਚ) ਹੋ ਚੁੱਕਾ ਹੈ, ਕਿਉਂਕਿ ਸਾਡੀ ਅੱਜ ਕੋਈ ਵੀ ਸਮਾਜ ਸੁਧਾਰਕ ਅਤੇ ਰਾਜਨੀਤਕ ਪਾਰਟੀ ਇਸ ਵਿਚਾਰਧਾਰਾ ਤੇ ਗੱਲ ਕਰਨ ਨੂੰ ਆਪਣਾ ਫਾਰਜ ਨਹੀਂ ਸਮਝ ਰਹੀ ਅਤੇ ਇਹ ਹੀ ਕਾਰਨ ਹੈ ਕਿ ਅੱਜ ਬਹੁਜਨ ਸਮਾਜ ਸਿਖਿਆ,ਵਿਗਿਆਨ, ਚਕਿਤਸਾ,ਵਪਾਰ ਅਤੇ ਆਪਣੇ ਇਤੀਹਾਸ ਤੋਂ ਪਰੇ ਹੈ।

ਜਾਗਰੁੱਕ ਲੋਕਾਂ ਦਾ ਇੱਕ ਵਰਗ ਹੈ ਜੋ ਬੀ.ਆਰ.ਅੰਬੇਡਕਰ, ਇੱਕ ਭਾਰਤੀ ਸਮਾਜ ਸੁਧਾਰਕ, ਮਨੁੱਖੀ ਅਧਿਕਾਰਾਂ ਦੇ ਲੀਡਰ, ਅਤੇ ਭਾਰਤੀ ਸੰਵਿਧਾਨ ਦੇ ਆਰਕੀਟੈਕਟ ਦੇ ਫਲਸਫੇ ਦੀ ਪਾਲਣਾ ਕਰਦਾ ਹੈ।ਡਾਕਟਰ ਅੰਬੇਡਕਰ ਦੀ ਸਿੱਖਿਆ ਅਤੇ ਵਿਚਾਰਧਾਰਾ ਜਾਂ ਫਲਸਫੇ (ਤਥਾਗਤ ਬੁੱਧ,ਸਤਗੁਰ ਕਬੀਰ ,ਗੁਰੂ ਰਵਿਦ-ਾਸ, ਜੋਤੀਬਾ ਰਾਓ ਫੂਲੇ , ਸ਼ਾਹੂ ਮਹਾਰਾਜ ਅਤੇ ਸਾਹਿਬ ਕਾਂਸ਼ੀ ਰਾਮ ) ਨੂੰ ਅੰਬੇਡਕਰਵਾਦ/ਵਿਚਾਰਧਾਰਾ ਵੀ ਕਿਹਾ ਜਾਂਦਾ ਹੈ। ਡਾਕਟਰ ਅੰਬੇਡਕਰ ਜੀ ਦੀ ਵਿਰਾਸਤ ਵਿੱਚ ਸਮਾਨਤਾ, ਆਜ਼ਾਦੀ, ਭਾਈਚਾਰਾ, ਨਿਆਂ, ਧੰਮ, ਅਹਿੰਸਾ, ਸੱਚ, ਮਨੁੱਖਤਾ, ਵਿਗਿਆਨ ਅਤੇ ਸੰਵਿਧਾਨਵਾਦ ਸ਼ਾਮਲ ਹਨ, ਜੋ ਕਿ ਅੰਬੇਡਕਰਵਾਦ ਦੇ ਸਿਧਾਂਤ ਵੀ ਹਨ ਜੋ ਕਿ ਬਿੱਲਕੁੱਲ ਸਪਸਟ ਹਨ ਕਿ ਕਿਵੇਂ ਇਸ ਦੇਸ ਵਿੱਚ ਸਮਾਨਤਾ, ਆਜ਼ਾਦੀ, ਭਾਈਚਾਰਾ, ਨਿਆਂ, ਧੰਮ, ਅਹਿੰਸਾ, ਸੱਚ, ਮਨੁੱਖਤਾ, ਵਿਗਿਆਨ ਦੀ ਵਿਵੱਸਥਾਂ ਪੈਦਾ ਕਰਨਾ ਹੈ। ਇਹ ਤਾਂ ਹੀ ਸੰਭਵ ਹੈ ਜਦੋਂ ਅਸੀ ਤਥਾਗਤ ਬੁੱਧ,ਸਤਗੁਰ ਕਬੀਰ ,ਗੁਰੂ ਰਵਿਦਾਸ, ਜੋਤੀਬਾ ਰਾਓ ਫੂਲੇ , ਸ਼ਾਹੂ ਮਹਾਰਾਜ ਅਤੇ ਸਾਹਿਬ ਕਾਂਸ਼ੀ ਰਾਮ ਆਦਿ ਮਹਾਂਪੁਰਸ਼ਾ ਦੀ ਵਿਚਾਰਧਾਰਾ ਨੂੰ ਪੜ ਕੇ ਸਮਜਾਂਗੇ ਅਤੇ ਅਮਲ ਕਰਾਂਗੇ ਪਰ ਅੱਜ ਦਾ ਬਹੁਜਨ ਤਾਂ ਮਨੁਵਾਦੀ ਸ਼ੋਲੇ ਗਾ ਰਿਹਾ ਹੈ ਅਤੇ ਮਨੁਵਾਦੀ ਕੁਰਸੀ ਅਤੇ ਧਰਮ ਦਾ ਗੁਲਾਮ ਹੈ, ਹਾਂ ਕਹਿ ਸਕਦੇ ਹਾਂ ਕਿ ਅੱਜ ਦਾ ਬਹੁਜਨ ਸਮਾਜ ਖਾਸ ਕਰਕੇ ਬਹੁਜਨ ਨੇਤਾ ਆਪਣੇ ਗੁਲਾਮੀ ਦਾ ਕਾਰਨ ਖੁੱਦ ਬਣਦਾ ਜਾ ਰਿਹਾ ਹੈ , ਕਿਉਕਿ ਜਿਸ ਵਰਗ ਨੇ ਉਸਨੂੰ ਮਾਨਸਿਕ ਗੁਲਾਮ ਬਣਾਇਆ ਹੈ, ਉਹ ਉਸ ਨੂੰ ਹੀ ਆਪਣਾਂ ਆਕਾ ਮੰਨ ਕੇ ਖੁੱਸ਼ੀ ਮਨਾ ਰਿਹਾ ਹੈ, ਜਿਸ ਦਾ ਮੁੱਖ ਕਾਰਨ ਹੈ ਕੁਰਸੀ ਦਾ ਲਾਲਚ ਅਤੇ ਅਹੁਦਿਆਂ ਦੀ ਭੁੱਖ। ਇਹ ਹੀ ਕਾਰਨ ਹੈ ਅੱਜ ਮੈ ਵਿਦੇਸ਼ ਵਿੱਚ ਰਹਿੰਦਾ ਹੋਇਆ, ਨਾ ਚਾਹੁੰਦੇ ਹੋਏ ਵੀ, ਉਹ ਗੱਲ ਇਸ ਲੇਖ ਰਾਹੀਂ ਆਪ ਸੱਭ ਦੇ ਸਾਹਮਣੇ ਰੱਖ ਰਿਹਾ ਹਾਂ ,ਜਿਹੜੀ ਗੱਲ ਮੈਨੂੰ ਗੁੱਪਤ ਜਾਂ ਕੇਡਰ ਵਿੱਚ ਰੱਖਣੀ ਚਾਹੀਦੀ ਸੀ। ਮੈ ਕਿਸੇ ਵੀ ਧਰਮ ਜਾਂ ਸਮੁਦ-ਾਇ ਦੇ ਖਿਆਫ ਨਹੀਂ ਹਾਂ ਅਤੇ ਮੈਂ ਸੱਭ ਧਰਮਾਂ ਦੀ ਇੱਜਤ ਕਰਦਾ ਹਾਂ ਅਤੇ ਧਰਮਾ ਤੋਂ ਜਿਆਦਾ ਮਨੁੱਖਤਾਂ ਦੀ, ਇਸੇ ਕਰਕੇ ਮੈਂ ਧਰਮ ਨਾਲੋਂ ਜਿਆਦਾ ਗੱਲ ਮਨੁੱਖਤਾ ਦੀ ਕਰਦਾ ਹਾਂ ਅਤੇ ਅੰਧ ਵਿਸ਼ਵਾਸ ਦੇ ਖਿਲਾਫ ਕਰਦਾਂ ਹਾਂ ਪਰ ਉਹ ਲੋਕ ਮੈਨੂੰ ਆਪਣੇ ਖਿਆਫ ਆਖਦੇ ਹਨ, ਜਦਕਿ ਅਜੀਹਾ ਨਹੀਂ ਹੈ। ਮੈ ਸਿਰਫ ਅੰਧ ਵਿਸ਼ਵਾਸ ਅਤੇ ਸਮੇਂ ਦੀਆਂ ਕੁਰੀਆਤੀਆਂ ਬਾਰੇ ਲਿਖਦਾ ਹਾਂ ਜਾਂ ਓਹਨਾ ਬਾਰੇ ਜਿਨ੍ਹਾ ਨੇ ਮਨੁੱਖਤਾ ਦਾ ਘਾਣ ਕੀਤਾ। ਇਸ ਸੱਭ ਬਾਰੇ ਬਾਬਾ ਸਾਹਿਬ ਵੀ ਬਿਲਕੁਲ ਸਾਫ਼ ਅਤੇ ਸਪੱਸ਼ਟ ਖੀ ਗਏ ਅਤੇ ਲਿਖ ਚੁੱਕੇ ਸਨ ਅਤੇ ਮੈਂ ਸਮਝਦਾ ਹਾਂ ਓਹਨਾ ਗੱਲਾਂ ਨੂੰ ਅੱਜ ਦੁਬਾਰਾ ਦੱਸਣ ਦੀ ਜਰੂਰਤ ਹੈ ਨਾ ਕਿ ਕੁੱਝ ਨਵਾਂ ਲਿਖਣ ਦੀ।

ਬਹੁਜਨ ਲੈਨਿਨ ਬਾਬੂ ਜਗਦੇਵ ਪ੍ਰਸਾਦ ਨੇ ਇੱਕ ਵਾਰ ਕਿਹਾ ਸੀ ਕਿ “ ਜੇਕਰ ਤੁਹਾਡੇ ਆਂਢ-ਗੁਆਂਢ ਵਿੱਚ ਬ੍ਰਾਹਮਣ (ਅੰਧਵਿਸ਼ਵਾਸ) ਦੇ ਵਿਨਾਸ਼ ਲਈ ਮੰਥਨ ਕੀਤਾ ਜਾ ਰਿਹਾ ਹੈ ਅਤੇ ਤੁਹਾਡੇ ਘਰ ਵਿੱਚ ਤੁਹਾਡੇ ਬੇਟੇ ਦੀ ਲਾਸ਼ ਪਈ ਹੈ ਤਾਂ ਸਭ ਤੋਂ ਪਹਿਲਾਂ ਉਸ ਮੰਥਨ ਮੀਟਿੰਗ ਵਿੱਚ ਭਾਗ ਲਓ ਅਤੇ ਆਪਣੇ ਬੇਟੇ ਦੀ ਲਾਸ਼ ਨੂੰ ਬਾਅਦ ਵਿੱਚ ਦਫ਼ਨਾਓ, ਨਹੀਂ ਤਾਂ ਬ੍ਰਾਹਮਣਵਾਦ ਤੁਹਾਡੇ ਕਰੋੜਾਂ ਬੱਚਿਆਂ ਨੂੰ ਦਫ਼ਨ ਕਰ ਦੇਵੇਗਾ। ਪਰ ਅੱਜ ਤਾਂ ਸਾਡੇ ਸਾਹਮਣੇ ਵੀ ਜੇਕਰ ਅਜੀਹਾ ਮੰਥਨ ਚੱਲ ਰਿਹਾ ਹੋਵੇ ਤਾਂ ਅਸੀਂ ਪਾਸਾ ਵੱਟ ਕੇ ਲੰਘ ਜਾਂਦੇ ਹਾਂ। ਅਸੀਂ ਕੁੱਝ ਵੀ ਵਿਚਾਰਧਾਰਕ ਗੱਲ ਸੁਨਣਾ ਜਰੂਰੀ ਨਹੀ ਸਮਝਦੇ। ਇਹ ਹੀ ਕਾਰਨ ਹੈ ਕਿ ਅੱਜ ਐਸ.ਸੀ, ਐਸ. ਟੀ, ਓ.ਬੀ. ਦੀਆਂ ਧੀਆਂ ਭੈਣਾ ਨਾਲ ਅੱਤਿਆਚਾਰ, ਜਿੰਦਾ ਜਲਾਉਣਾ ਅਤੇ ਬਲਾਤਕਾਰ ਹੋ ਰਹੇ ਹਨ ਅਤੇ ਉਹ ਰਾਜ ਭਾਗ ਤੋਂ ਪਰੇ ਹਨ ਅਤੇ ਉਹਨਾ ਦੇ ਹੱਥ ਸਿਰਫ ਅਗਿਆਨਤਾ, ਅਨਪੜਤਾ ਅਤੇ ਮਾਨਸਿੱਕ ਗੁਲਾਮੀ ਹੈ।

ਸੰਘਰਸ ਅਤੇ ਕਿਉਂ - ਸਾਡੇ ਮਿਸ਼ਨ ਸੰਘਰਸ਼ ਦਾ ਮੈਦਾਨ ਬਿੱਲਕੁੱਲ ਪੱਧਰਾ ਹੈ, ਜਿਸ ਵਿੱਚ ਹਰ ਮਿਸ਼ਨਰੀ ਆਪਣਾ- ਆਪਣਾ ਯੋਗਦਾਨ ਆਪਣੀ- ਆਪਣੀ ਹਿੰਮਤ ਅਨੁਸਾਰ ਆਪਣੀ- ਆਪਣੀ ਜਗ੍ਹਾ ਤੇ ਪਾ ਰਿਹਾ ਹੈ , ਜੋ ਕਿ ਸਾਡੀ ਜਿੰਮੇਵਾਰੀ ਵੀ ਹੈ ਪਰ ਇਹ ਸੰਘਰਸ਼ ਕਰਨਾ ਕਿਉਂ ਅਤੇ ਕਿਵੇਂ ਹੈ ? ਇਹ ਮੰਤਵ ਜਾਨਣਾ ਬਹੁਤ ਜਰੂਰੀ ਹੈ।

ਜੇਕਰ ਮਿਸ਼ਨ ਦੀ ਗੱਲ ਕਰਿਏ ਤਾਂ ਸਰਪੰਚੀ ਤੋਂ ਲੈ ਕੇ ਰਾਸ਼ਟਰਪਤੀ ਅਹੁੱਦੇ ਤੱਕ ਰਾਜਨੀਤਕ ਲੜਾਈ ਲੜਨਾ ਸਾਡਾ ਇੱਕ ਉਦੇਸ਼ ਹੈ ਅਤੇ ਰਾਜਨੀਤਕ ਸੱਤਾ ਤੋਂ ਬਾਅਦ ਇਸ ਦੇਸ ਵਿੱਚੋ ਬ੍ਰਾਹਮਣਵਾਦੀ ਢਾਂਚੇ ਨੂੰ ਢੇਰੀ ਕਰਕੇ ਬ੍ਰਾਹਮਣਵਾਦੀ ਵਿਵੱਸਥਾ ਢਹਿ- ਢੇਰੀ ਕਰਕੇ, ਭਾਰਤ ਅੰਦਰ ਪ੍ਰਬੁੱਧ ਭਾਰਤ ਦਾ ਨਿਰਮਾਣ ਕਰਨਾ ਸਾਡਾ ਲਕਸ਼ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਆਪਣੇ ਮਹਾਂਪੁਰਸ਼ਾ ਦੀ ਵਿਚਾਰਧਾਰਾ/ਲਕੀਰ ਤੇ ਉਸੇ ਤਰ੍ਹਾ ਹੀ ਚੱਲੀਏ ਜਿਵੇਂ ਸਾਡੇ ਰਹਿਬਰ ਚੱਲੇ ਸਨ ਜਾਂ ਜਿਵੇਂ ਉਹ ਵਿਚਾਰਧਾਰਾ/ਲਕੀਰ ਖਿੱਚ ਕੇ ਗਏ ਸਨ। ਕੁੱਝ ਲੋਕਾ ਦਾ ਕਹਿਣਾ ਹੈ ਸਾਨੂੰ ਬ੍ਰਾਹਮਣ ਤੋਂ ਨਹੀਂ ਬ੍ਰਹਮਣਵਾਦ ਤੋਂ ਖਤਰਾ ਹੈ ਪਰ ਇਹ ਇਹ ਜਾਨਣਾ ਜਰੂਰੀ ਹੈ ਕਿ ਕੀ ਬ੍ਰਾਹਮਣਵਾਦ ਬਿਨ੍ਹਾ ਬ੍ਰਾਹਮਣ ਤੋਂ ਹੋ ਸਕਦਾ ਹੈ ? ਨਹੀਂ , ਜੇਕਰ ਬ੍ਰਹਾਮਣਵਾਦ ਨੂੰ ਜੜ੍ਹ ਤੋਂ ਖਤਮ ਕਰਨਾ ਚਹੁੰਦੇ ਹੋ ਤਾਂ ਸਾਨੂੰ ਬ੍ਰਾਹਮਣ ਨਾਲ (ਵਿਚਾਰਕ) ਲੜਨਾ ਪਵੇਗਾ ਅਤੇ ਇਹ ਗੱਲ ਬਹੁਜਨ ਨੂੰ ਆਪਣੇ ਪੱਲੇ ਨਾਲ ਬੰਨ ਲੈਣੀ ਚਾਹੀਦੀ ਹੈ। ਜਿਵੇਂ ਸ਼ਾਹੂ ਜੀ ਮਹਾਰਾਜ ਵਿਵੱਸਥਾ ਵਿਰੁੱਧ ਲੜੇ ਸੀ। ਸਨ 1894 ਵਿੱਚ ਜਦੋਂ ਛਤਰਪਤੀ ਸ਼ਾਹੂ ਮਹਾਂਰਾਜ ਜੀ, ਕੋਹਲਾਪੁਰ ਰਿਆਸਤ ਦੇ ਰਾਜਾ ਬਣੇ ਤਾਂ ਉਹ ਫੁਲੇ ਜੀ ਦੀ ਵਿਚਾਰਧਾਰਾ ਅਤੇ ਕੰਮ ਕਰਨ ਦੇ ਢੰਗ ਤੋਂ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਨੇ ਸਮਾਜ ਨੂੰ ਕਈ ਢੰਗਾਂ ਨਾਲ ਅੱਗੇ ਵਧਾਉਂਣ ਦੀ ਕੋਸ਼ਿਸ਼ ਕੀਤੀ।ਇਸ ਕਰਕੇ ਬ੍ਰਾਹਮਣ, ਉਹਨਾਂ ਦੇ ਵਿਰੋਧੀ ਬਣ ਗਏ ਅਤੇ ਸ਼ਾਹੂ ਮਹਾਰਾਜ ਦੀ ਬੇਇਜ਼ਤੀ ਕਰਨ ਤੇ ਉੱਤਰ ਆਏ। ਰਾਜ ਪੁਰੋਹਿਤ ਨੇ ਪਵਿੱਤਰ ਇਸ਼ਨਾਨ ਸਮੇਂ ਵੇਦ ਮੰਤਰਾਂ ਦਾ ਉੱਚਾਰਣ ਕਰਨ ਤੋਂ ਵੀ ਨਾਂਹ ਕਰ ਦਿੱਤੀ। ਮਹਾਂਰਾਜ ਨੇ ਪੁੱਛਿਆ, ਵੇਦ ਮੰਤਰ ਦਾ ਉਚਾਰਣ ਕਿਉਂ ਨਹੀਂ ਹੋ ਰਿਹਾ ? ' ਰਾਜ ਪੁਰੋਹਿਤ ਬੋਲਿਆ, 'ਤੁਸੀ ਅਛੂਤ/ਸ਼ੂਦਰ ਹੋ, ਇਸ ਲਈ ਤੁਹਾਨੂੰ ਵੇਦ ਮੰਤਰ ਸੁਣਨ ਦਾ ਅਧਿਕਾਰ ਨਹੀਂ ਹੈ।" ਕੋਹਲਪੁਰ ਦੇ ਸ਼ੰਕਰਾਚਾਰੀਆ ਨੇ ਰਾਜ ਪੁਰੋਹਿਤ ਦਾ ਸਮਰਥਨ ਕੀਤਾ। ਹੁਣ ਸ਼ਾਹੂ ਮਹਾਂਰਾਜ ਜੀ ਵੀ ਪਿੱਛੇ ਹਟਣ ਵਾਲੇ ਨਹੀ ਸਨ। ਉਨ੍ਹਾਂ ਨੇ ਜਗਤਗੁਰ ਸ਼ੰਕਰਾਚਾਰੀਆਂ ਦੇ ਪਦ ਨੂੰ ਵੀ ਖਤਮ ਕਰ ਦਿੱਤਾ, ਜਿਸ ਨਾਲ ਬਹੁਤ ਵਾਦ ਵਿਵਾਦ ਖੜਾ ਹੋ ਗਿਆ! ("ਜੇ ਬਾਬਾ ਨਾ ਹੁੰਦੇ ਕਿਤਾਬ ਚੋਂ"). “ ਕਹਿਣ ਦਾ ਭਾਵ ਮੌਕੇ ਤੇ ਕਾਰਵਾਈ ਕੀਤੀ ਗਈ।

ਸਾਡੀ ਲੜਾਈ ਗਲੀਆਂ - ਨਾਲੀਆਂ ਬਣਾਉਣ ਜਾਂ ਸਾਫ ਕਰਵਾਉਣ ਦੀ ਨਹੀ ਅਤੇ ਨਾ ਹੀ ਸਾਡੀ ਲੜਾਈ ਸਿਰਫ਼ ਰੋਟੀ, ਕੱਪੜਾ ਅਤੇ ਮਕਾਨ ਦੀ ਮੰਗ ਹੈ। ਸਾਡੀ ਲੜਾਈ ਮਾਣ ਸੰਨਮਾਨ ਲਈ ਹੈ ਅਤੇ ਦੇਸ਼ ਵਿੱਚ ਬਰਾਬਰੀ, ਆਜ਼ਾਦੀ, ਨਿਆਂ ਲਈ ਹੈ।

ਸਾਡੀ ਲੜਾਈ ਇਸ ਦੇਸ ਵਿੱਚੋ ਬ੍ਰਾਹਮਣਵਾਦੀ ਗਲਤ ਢਾਂਚੇ ਨੂੰ ਪੂਰੀ ਤਰ੍ਹਾਂ ਢਹਿ-ਢੇਰੀ ਕਰਕੇ ਬੁੱਧ,ਫੁਲੇ, ਸਾਹੂ ਅਤੇ ਅੰਬੇਡਕਾਰਵਾਦੀ (ਵਿਗਿਆਨਕ ਸੋਚ, ਸਮਾਨਤਾ,ਸੁਤਤੰਤਰਤਾ ਅਤੇ ਭਾਈਚਾਰੇ) ਵਿਵੱਸਥਾ ਨੂੰ ਪੂਰੇ ਦੇਸ਼ ਵਿੱਚ (ਗੁਪਤ ਕੇਡਰ ਰਾਹੀਂ) ਕਾਇਮ ਕਰਨਾ ਅਤੇ ਅੰਧ- ਵਿਸ਼ਵਾਸੀ, ਅਸਮਾਨਤਾ ਅਤੇ ਜਾਤੀਵਾਦ ਨੂੰ ਜੜੋਂ ਖਤਮ ਕਰਨ ਦੀ ਹੈ। ਮਹਾਪੁਰਸ਼ਾਂ ਦੀ ਵਿਚਾਰਧਾਰਾ ਰਾਹੀਂ ਗਲੀ -ਗਲੀ, ਪਿੰਡ-ਪਿੰਡ, ਸ਼ਹਿਰ ਸ਼ਹਿਰ ਜਾ ਕੇ ਸਮਾਜ ਨੂੰ ਜਾਗਰੂਕ ਕਰਨ ਦੀ ਲੋੜ ਹੈ।

ਚੰਗੀ ਗੱਲ ਹੈ ਸਾਡਾ ਸਮਾਜ ਆਪਣੇ ਬੱਚਿਆ ਨੂੰ ਡਾਕਟਰ, ਇੰਜੀਨੀਅਰ ਅਤੇ ਵਕੀਲ ਬਣਾ ਰਿਹਾ ਹੈ ਪਰ ਜੇਕਰ ਹਰ ਇਨਸਾਨ ਡਾਕਟਰ, ਇੰਜੀਨੀਅਰ, ਪੁਲਿਸ ਵਕੀਲ ਬਣ ਜਾਵੇ ਤਾਂ ਬੁੱਧ, ਸ਼ਾਹੂ, ਫੂਲੇ, ਅੰਬੇਡਕਰ ਜਾਂ ਪੇਰੀਆਰ ਕੌਣ ਬਣੇਗਾ ? ਇਹ ਬਹੁਤ ਵੱਡਾ ਇੱਕ ਸਵਾਲ ਹੈ। ਬਹੁਜਨ ਮਹਾਪੁਰਸ਼ਾ ਦੇ ਵਿਚਾਰਧਾਰਾ 'ਤੇ ਬਿਨ੍ਹਾ ਕਿੰਤੂ/ਪ੍ਰੰਤੂ ਕੀਤੇ ਚੱਲਣਾ ਪਵੇਗਾ ਨਹੀਂ ਤਾਂ ਪ੍ਰਬੁੱਧ ਭਾਰਤ ਬਣਾਉਣਾ ਅਸੰਭਵ ਹੈ ਪਰ ਇਹ ਕੰਮ ਆਪਣੇ ਆਪਣੇ ਰਾਸਤੇ ਬਣਾ ਕੇ ਨਹੀ, ਜਿਸ ਵਿਚਾਰਧਾਰਾ ਤੇ ਸਾਡੇ ਮਹਾਪੁਰਸ਼ ਰਹਿਬਰ ਚੱਲੇ ਸੀ, ਉਹ ਰਾਸਤਾ ਆਪਣਾਂ ਕੇ ਹੀ ਪੂਰਾ ਹੋਵੇਗਾ ਜੋਕਿ ਲੁਪਤ ਹੋ ਚੁੱਕਾ ਹੈ, ਨਹੀਂ ਤਾਂ ਅਸੀਂ ਆਪਣੇ ਆਪਣੇ ਬਣਾਏ ਰਸਤਿਆ ਤੇ ਭਟਕਦੇ ਰਹਾਂਗੇ ਅਤੇ ਛੋਟੀਆਂ ਛੋਟੀਆਂ ਪ੍ਰਧਾਨਗੀਆਂ ਲਈ ਲੜਦੇ ਰਹਾਂਗੇ। ਉਹ ਰਾਸਤਾ ਸੀ ਗੈਰ-ਬ੍ਰਾਹਮਣ ਰਾਸਤਾ, ਕਿਉਂਕਿ ਬ੍ਰਹਮਣ ਸਾਡਾ ਵੋਟਰ/ਸਪੋਰਟਰ ਤਾਂ ਹੋ ਸਕਦਾ ਹੈ ਪਰ ਨੇਤਾ ਨਹੀ । ਮਿਆਂਮਾਰ ਦੇਸ਼ ਵਿੱਚ 1954 ਨੂੰ ਇੱਕ ਅੰਤਰਰਾਸ਼ਟਰੀ ਬੋਧ ਸੰਮੇਲਨ ਦੌਰਾਂਨ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਸਾਫ਼ ਤੇ ਸਪੱਸ਼ਟ ਕਿਹਾ “ ਕੀ ਅਸੀ ਬੁੱਧ ਧੰਮ ਦੀ ਮੂਮੈਂਟ ਵਿੱਚ ਬ੍ਰਾਹਮਣ ਨੂੰ ਨਹੀਂ ਲੈਣਾ ਹੈ ਤੇ ਇਹ ਵੀ ਸਪੱਸ਼ਟ ਕੀਤਾ ਕਿ ਬੁੱਧ ਧੱਮ ਨੂੰ ਬ੍ਰਾਹਮਣ ਤੋਂ ਕਿਵੇਂ ਖ਼ਤਰਾ ਹੈ ! ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਨੇ ਇਹ ਵੀ ਕਿਹਾ "ਇਸਲਾਮ ਤੋਂ ਬੁੱਧ ਧੱਮ ਨੂੰ ਕੋਈ ਖ਼ਤਰਾ ਨਹੀਂ ਹੈ ਲੇਕਿਨ ਧੱਮ ਨੂੰ ਬ੍ਰਾਹਮਣਵਾਦ ਤੋਂ ਖ਼ਤਰਾ ਹੈ! ਬ੍ਰਾਹਮਣਵਾਦ ਹਮੇਸ਼ਾ ਬੁੱਧ ਧੰਮ ਦਾ ਪਹਿਲਾ ਦੁਸ਼ਮਣ ਰਹੇਗਾ! ਬ੍ਰਾਹਮਣ ਕਿਸੇ ਵੀ ਰੰਗ ਨੂੰ ਧਾਰਨ ਕਰੇ, ਕਿਸੇ ਵੀ ਪਾਰਟੀ ਨੂੰ ਅਪਣਾਏ, ਬ੍ਰਾਹਮਣ ਹਮੇਸ਼ਾ ਬ੍ਰਾਹਮਣ ਹੀ ਰਹੇਗਾ, ਕਿਉਂਕਿ ਬ੍ਰਾਹਮਣ ਨੇ ਸਮਾਜਿਕ ਅਸਮਾਨਤਾ ਨੂੰ ਹਮੇਸ਼ਾ ਬਣਾਈ ਰੱਖਣਾ ਹੈ! ਇਹ ਸਮਾਜਿਕ ਅਸਮਾਨਤਾ ਹੀ ਹੈ, ਜਿਸ ਨੇ ਬ੍ਰਾਹਮਣ ਨੂੰ ਸਭ ਤੋਂ ਉੱਪਰਲਾ ਦਰਜਾ ਦਿੱਤਾ ਹੈ ਪਰ ਬੁੱਧ ਧੰਮ ਹਮੇਸ਼ਾ ਸਮਾਨਤਾ ਅਤੇ ਬਰਾਬਰਤਾ ਤੇ ਵਿਸ਼ਵਾਸ ਰੱਖਦਾ ਹੈ! ਇਸ ਲਈ ਬ੍ਰਾਹਮਣ ਹਮੇਸ਼ਾ ਉਸ ਵਿੱਚ ਦੋਸ਼ ਕੱਢਦੇ ਹਨ! ਇਹੀ ਕਾਰਨ ਹੈ ਕਿ ਜੇਕਰ ਬ੍ਰਾਹਮਣ ਨੂੰ ਦੁਬਾਰਾ ਬੁੱਧ ਧਰਮ ਵਿੱਚ ਨੇਤਰਤਵ ਕਰਨ ਦੀ ਅਨੁਮਤੀ ਦੇ ਦਿੱਤੀ ਗਈ ਤਾਂ ਉਹ ਆਪਣੀ ਤਾਕਤ ਦਾ ਉਪਯੋਗ ਬੁੱਧ ਧਰਮ ਨੂੰ ਨੁਕਸਾਨ ਕਰਨ, ਤੋੜ-ਫੋੜ ਕਰਨ ਜਾਂ ਦਿਸ਼ਾਹੀਣ ਕਰਨ ਵਿੱਚ ਲਗਾਉਣਗੇ! ਸਾਨੂੰ ਇਸ ਅੰਦੋਲਨ ਵਿਚ ਬ੍ਰਾਹਮਣ ਨੂੰ ਹਮੇਸ਼ਾ ਦੂਰ ਰੱਖਣ ਦੀ ਸਾਵਧਾਨੀ ਰੱਖਣੀ ਚਾਹੀਦੀ ਹੈ ! ਪਰ ਅੱਜ ਅਜਿਹਾ ਹੋ ਨਹੀਂ ਰਿਹਾ, ਬਲਕਿ ਇਸ ਗੱਲ ਦੇ ਉਲਟ ਹੀ ਹੋ ਰਿਹਾ ਹੈ, ਜਿਸ ਬਾਰੇ ਬਹੁਜਨ ਸਮਾਜ ਭਲੀ ਭਾਂਤ ਜਾਣਦਾ ਹੈ ਪਰ ਇਸ ਸਥੀਤੀ ਨੂੰ ਮੁੜ੍ਹ ਲਕੀਰ ਤੇ ਲੈ ਕੇ ਆਉਣ ਹੀ ਸਾਡਾ ਬੁੱਧੀਜੀਵੀਆਂ ਦਾ ਫਰਜ ਹੈ, ਤਾ ਹੀ ਅਸੀਂ ਭਾਰਤ ਨੂੰ ਮੁੜ੍ਹ ਬੁੱਧਮਈ ਭਾਰਤ ਬਣਾ ਸਕਾਂਗੇ। ਕੁੱਝ ਤਾਂ ਸਾਡੇ ਰਾਜਨੀਤਕ ਬੁੱਧੀਜੀਵੀ ਭਾਰਤ ਨੂੰ ਹਿੰਦੁਸਤਾਨ ਕਹਿ ਵੀ ਭਾਸ਼ਨ ਦਿੰਦੇ ਹਨ, ਜਿਸ ਬਾਰੇ ਉਹਨਾ ਨੂੰ ਇਹ ਗਿਆਨ ਨਹੀ ਕਿ ਉਹ ਜਿਸ ਹਿੰਦੁਸਤਾਨ ਦੀ ਗੱਲ ਕਰਦੇ ਹਨ ਉਹ ਹਿੰਦੁਸਤਾਨ ਨੇ ਹੀ ਉਹਨਾ ਦੇ ਗਲ ਵਿੱਚ ਮਟਕੀ ਅਤੇ ਪਿੱਠ ਪਿੱਛੇ ਝਾੜੂ ਬੰਨਿਆ ਸੀ। ਇਸੇ ਕਰਕੇ ਬਾਬਾ ਸਾਹਿਬ ਅੰਬੇਡਕਰ ਨੇ ਕਿਹਾ "(ਰਾਈਟਿੰਗਜ਼ ਐਂਡ ਸਪੀਚਜ਼, ਬੰਬੇ, 1996, ਜਿਲਦ 8, ਪੰਨਾ 358) " ਜੇਕਰ 'ਹਿੰਦੂ ਰਾਜ' ਇੱਕ ਹਕੀਕਤ ਬਣ ਜਾਂਦਾ ਹੈ, ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਇਸ ਦੇਸ਼ ਲਈ ਸਭ ਤੋਂ ਵੱਡੀ ਮੁਸੀਬਤ ਹੋਵੇਗੀ। ਹਿੰਦੂ ਭਾਵੇਂ ਕੁਝ ਵੀ ਕਹਿਣ, 'ਹਿੰਦੂ ਧਰਮ' ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਲਈ ਖ਼ਤਰਾ ਹੈ। ਇਸ ਕਾਰਨ ਇਹ ਲੋਕਤੰਤਰ ਦੇ ਅਨੁਕੂਲ ਨਹੀਂ ਹੈ।" ਲੋਕਤੰਤਰ, 'ਹਿੰਦੂ ਰਾਜ' ਦੀ ਸਥਾਪਨਾ ਨੂੰ ਕਿਸੇ ਵੀ ਕੀਮਤ 'ਤੇ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਅਤੇ ਗੁਪਤ ਕੇਡਰਾਂ ਦੁਆਰਾ ਹੀ ਰੋਕਿਆ ਜਾਣਾ ਚਾਹੀਦਾ ।

ਅੰਤ ਅਤੇ ਸੰਦੇਸ਼ - ਮੈਂ ਸਮਝਦਾ ਹਾਂ ਕਿ ਸਾਨੂੰ ਆਪਣੀਆ -2 ਨਿੱਜੀ ਚੌਧਰਾਂ ਛੱਡ ਕੇ, ਬਹੁਜਨ ਮਹਾਂਪੁਰਸ਼ਾਂ ਦੀ ਵਿਚਾਰਧਾਰਾ/ਲਕੀਰ ਦੇ ਪ੍ਰਚਾਰ ਪ੍ਰਸਾਰ ਲਈ ਨੌਜੁਆਨਾਂ ਲਈ, ਕੰਮ ਕਰਨਾ ਚਾਹੀਦਾ ਹੈ। ਵੱਧ ਤੋਂ ਵੱਧ ਕੇਡਰ ਲਗਾਉਣੇ ਚਾਹੀਦੇ ਹਨ ਜੋਕਿ ਪਹਿਲਾ ਆਮ ਲਗਦੇ ਸਨ ਅੱਜ ਬਿਲਕੁਲ ਲਗਾਉਣੇ (ਖਤਮ) ਲੁਪਤ ਹੋ ਚੁੱਕੇ ਸਨ ।

ਸਾਨੂੰ ਸਮਾਜ ਦੇ ਭਲੇ ਲਈ, ਵਿਕਾਸ ਲਈ, ਵਿਦਿਆ ਲਈ,ਸਿਹਤ ਲਈ ਕੰਮ ਕਰਨਾ ਚਾਹੀਦਾ ਹੈ, ਜਿਸ ਤੋਂ ਸਾਨੂੰ ਸਮੇਂ ਦੀਆਂ ਕੁਰੀਤੀਆਂ ਨੇ ਬਿਲਕੁੱਲ ਪਰਾਂ ਹੀ ਰੱਖਿਆ ਹੈ । ਇਹ ਹੀ ਕਾਰਨ ਸੀ ਕਿ ਮੈਂ ਕੁੱਝ ਜਿਲ੍ਹਿਆਂ ਵਿੱਚ ਮਹਾਂਪੁਰਸ਼ਾ ਦੇ ਨਾਮ ਤੇ ਲਾਈਬ੍ਰੇਰੀਆਂ,ਕੰਪਿਊਟਰ ਸੈਂਟਰ, ਸਿਲਾਈ ਸੈਂਟਰਾ ਦਾ ਨਿਰਮਾਣ ਵੀ ਕਰਵਾਇਆ । ਸਾਨੂੰ ਉਸ ਪ੍ਰਬੁੱਧ ਭਾਰਤ ਦੇ ਨਿਰਮਾਣ ਲਈ ਕੰਮ ਕਰਨਾ ਚਾਹੀਦਾ ਹੈ ਜਿਸ ਵਿੱਚ ਸਾਰੇ ਸਮਾਨ ਹੋਣ , ਕੋਈ ਊੱਚ-ਨੀਚ ਨਾ ਹੋਵੇ,ਮੇਰੀ ਨਿਗ੍ਹਾ ਵਿੱਚ ਅਜੀਹਾ ਰਾਸ਼ਟਰ (ਪ੍ਰਬੁੱਧ ਭਾਰਤ) ਸਰਵ ਦੇ ਭਲੇ ਲਈ ਹੋਵੇਗਾ। ਇਸ ਲਈ ਕੁੱਝ ਪੜੇ ਲਿਖੇ ਜਾਗਰੁੱਕ,ਸੂਚਵਾਨ ਮੁਕੰਮਲ ਤਿਆਗਵਾਂਗ (ਹੋਲ ਹਾਰਟਡ) ਸਮਾਜ ਸੁਧਾਰਕ ਤਿਆਰ ਕੀਤੇ ਜਾਣ ਜੋ ਆਪਣੀਆ -2 ਨਿੱਜੀ ਚੌਧਰਾਂ ਛੱਡ ਕੇ ਬਹੁਜਨ ਮਹਾਂਪੁਰਸ਼ਾਂ ਦੀ ਵਿਚਾਰਧਾਰਾ/ਲਕੀਰ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰਨ। ਕੰਮ ਦਾ ਮਤਲਬ ( ਮਨੁੱਖਤਾ ਦੇ ਭਲੇ ਲਈ, ਵਿਕਾਸ ਲਈ, ਵਿਦਿਆ ਲਈ,ਸਿਹਤ ਲਈ ਕੰਮ) ਅਤੇ ਮਾਨਸਿਕ ਗੁਲਾਮੀ, ਅੱਧ ਵਿਸ਼ਵਾਸ ਅਤੇ ਅਗਿਆਨਤਾ ਨੂੰ ਖਤਮ ਕਰ ਦੇ ਪਰਿਆਸ ਕਰਨ। ਇਹ ਤਾਂ ਹੀ ਸੰਭਵ ਹੈ ਜਦੋਂ ਅਸੀਂ ਉੱਪਰ ਦਿੱਤੀਆਂ ਗਈਆ ਉਦਾਹਰਣਾ ਤੋਂ ਸਿੱਖ ਕੇ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਦਾ ਕੰਮ ਕਰਾਂਗੇ।

**ਜੈ ਭੀਮ - ਜੈ ਭਾਰਤ**

**ਤੁਹਾਡਾ ਆਪਣਾ**

**ਮਦਨ ਸਰੋਏ ਯੂ.ਕੇ**



## ਸਾਡੀ ਇੱਕੋ ਇੱਕ ਨੇਤਾ ਭੈਣ ਮਾਇਆਵਤੀ ਜੀ ਹੈ: ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ



**ਸੰਗਰੂਰ( ਚਰਨਜੀਤ ਸੱਲ੍ਹਾ)** ਬਸਪਾ ਲੋਕ ਸਭਾ ਸੰਗਰੂਰ ਦੀ ਜ਼ਿੰਮੇਵਾਰ ਲੀਡਰਸ਼ਿਪ ਨਾਲ ਮੀਟਿੰਗ ਜਥੇਬੰਦਕ ਢਾਂਚੇ ਦਾ ਵਿਸਥਾਰ ਕਰਨੇ ਲਈ ਮੈਂਬਰਸ਼ਿਪ ਅਤੇ ਹੋਰ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਅਤੇ ਸਭ ਨੇ ਪਾਰਟੀ ਦੇ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿੱਤੇ ਹੋਏ ਹਰ ਪ੍ਰੋਗਰਾਮ ਨੂੰ ਸਫਲ ਕਰਨ ਦਾ ਵਿਸ਼ਵਾਸ ਦਵਾਇਆ ਅਤੇ ਨੇਤਾ ਨੀਤੀ ਨਿਯਮਾਂ ਦਾ ਪਾਲਣ ਕਰਨ ਦਾ ਵਾਅਦਾ ਕੀਤਾ। ਇਸ ਮੌਕੇ ਤੇ ਸੰਗਰੂਰ ਹਲਕੇ ਦੀ ਪੂਰੀ ਬਸਪਾ ਦੀ ਟੀਮ ਸ ਮੱਖਣ ਸਿੰਘ ਜਨਰਲ ਸਕੱਤਰ ਬਸਪਾ ਅਤੇ ਬਾਕੀ ਸਭ ਅਹੁਦੇਦਾਰ ਸ਼ਾਮਲ ਸਨ।

# ਬੱਚੇ ਅਤੇ ਮਾਪੇ

ਕਿਸੇ ਅੱਲ੍ਹੜ ਜਵਾਨ ਧੀਅ ਪੁੱਤ ਕੋਲੋਂ ਕੋਈ ਗਲਤੀ ਹੋ ਜਾਵੇ ਕੋਈ ਮੁਸ਼ਕਿਲ ਆ ਜਾਵੇ ਅਤੇ ਬੱਚਾ ਇਹ ਸੋਚੇ ਕੇ ਇਸ ਬਾਰੇ ਜੇ ਮੇਰੇ ਪਿਓ ਨੂੰ ਪਤਾ ਲੱਗ ਗਿਆ ਤਾਂ ਮੇਰੀ ਜਾਨ ਕੱਢ ਦੇਊਗਾ

ਜੇ ਮੇਰੀ ਮਾਂ ਨੂੰ ਇਸ ਬਾਰੇ ਪਤਾ ਲੱਗ ਗਿਆ ਤਾਂ ਮੇਰੀ ਖੈਰ ਨਹੀਂ,

ਕੀ ਤੁਸੀਂ ਇਹੋ ਜਿਹੇ ਮਾਪੇ ਹੋ,??

ਜਾ ਤੁਸੀਂ ਇਹੋ ਜਿਹੇ ਮਾਪੇ ਬਣਨਾ ਚਾਹੁੰਦੇ ਹੋ??

ਗਲਤੀ ਹੋਣ ਉਪਰੰਤ ਜਾ ਕਿਸੇ ਮੁਸ਼ਕਿਲ ਵਿੱਚ ਫਸਣ ਕਰਕੇ ਤੁਹਾਡੇ ਬੱਚੇ ਦੇ ਮਨ ਵਿੱਚ ਇਹ ਖਿਆਲ ਆਉਣਾ ਚਾਹੀਦਾ ਕੇ ਕੋਈ ਨਾਂ ਮੇਰਾ ਪਿਓ ਇਸ ਮਸਲੇ ਦਾ ਹੱਲ ਕਰੂਗਾ,, ਮੇਰੀ ਮਾਂ ਇਸ ਮਸਲੇ ਚ ਮੇਰਾ ਸਾਥ ਦੇਊਗੀ,,,

ਜਦੋਂ ਬੱਚੇ ਮਾਂ ਪਿਓ ਨਾਲ ਦੋਸਤਾਨਾ ਮਾਹੌਲ ਵਿੱਚ ਜਿਓਂਦੇ ਹਨ ਤਾਂ ਬੱਚੇ ਸੌਖੇ ਰਹਿੰਦੇ ਹਨ, ਗਲਤ ਰਾਹ ਤੇ ਤੁਰਨੋ ਬਚ ਜਾਂਦੇ ਹਨ,

ਜਦੋਂ ਬੱਚਾ ਇਹ ਕਹੇ ਕੇ ਮੇਰਾ ਪਿਓ ਮੇਰੇ ਮਸਲੇ ਦਾ ਹੱਲ ਹੈ ਤਾਂ ਸਮਝੋ ਤੁਹਾਡੇ ਬੱਚੇ ਸਹੀ ਹੱਥਾਂ ਵਿੱਚ ਹਨ, ਸਹੀ ਰਾਹੇ ਤੁਰ ਰਹੇ ਹਨ,

ਜਦੋਂ ਸਾਡਾ ਸਾਡੇ ਬੱਚਿਆਂ ਤੇ ਦਹਿਸ਼ਤ ਵਾਲਾ ਮਾਹੌਲ ਹੁੰਦਾ ਉਦੋਂ ਬੱਚੇ ਸਾਨੂੰ ਦੋਸਤ ਨਹੀਂ ਦੁਸ਼ਮਣ ਸਮਝਦੇ ਹਨ, ਕੋਈ ਗਲਤੀ ਹੋਣ ਉਪਰੰਤ ਕਿਸੇ ਮੁਸ਼ਕਿਲ ਚ ਫਸਣ ਉਪਰੰਤ ਤੁਹਾਡਾ ਸਹਾਰਾ ਨਾਂ ਲੈ ਕੇ ਗ਼ੈਰਾਂ ਦੀ ਝੋਲੀ ਡਿਗਦੇ ਹਨ, ਫੇਰ ਸਾਨੂੰ ਪਤੈ ਗ਼ੈਰ ਤਾਂ ਗ਼ੈਰ ਹੀ ਹੁੰਦੇ ਹਨ, ਗ਼ੈਰ ਕਦੀ ਸਾਡੇ ਬੱਚਿਆਂ ਨੂੰ ਸਹੀ ਮਾਰਗ ਦਰਸ਼ਨ ਨਹੀਂ ਕਰ ਸਕਦੇ,ਗ਼ੈਰ ਤਾਂ ਉਸ ਦਲਦਲ ਵੱਲ ਧੱਕ ਦਿੰਦੇ ਹਨ ਜਿਥੋਂ ਨਿਕਲਣਾ ਨਾਂ ਮੁਮਕਿਨ ਹੁੰਦਾ,ਹੋਰ ਅਤੇ ਹੋਰ ਧੱਸਦੇ ਧੱਸਦੇ ਤਬਾਹੀ ਤਹਿ ਹੁੰਦੀ ਹੈ,

ਸੋ ਬੱਚੇ ਸਾਡੇ ਹਨ ਅਸੀਂ ਬੱਚਿਆ ਦੇ ਮਾਪੇ ਹਾਂ, ਹਮੇਸ਼ਾ ਦੋਸਤੀ ਵਾਲਾ ਆਪਣੇਪਨ ਵਾਲਾ ਮਾਹੌਲ ਬਣਾਓ ਤਾਂ ਕੇ ਸਾਡੇ ਬੱਚੇ ਸਾਡੇ ਰਹਿਣ ਗ਼ੈਰਾਂ ਦੀ ਝੋਲੀ ਪੈ ਕੇ ਜ਼ਿੰਦਗੀ ਤਬਾਹ ਨਾਂ ਕਰ ਲੈਣ,ਬੱਚਿਆਂ ਨੂੰ ਤੁਹਾਡੇ ਤੋਂ ਡਰ ਨਹੀਂ ਲੱਗਣਾ ਚਾਹੀਦਾ, ਮਾਨ ਹੋਣਾ ਚਾਹੀਦਾ!!!!!



**ਹਰਜੀਤ ਸਿੰਘ ਬੀਰੇਵਾਲਾ**

# ਹਾਸ ਵਿਅੰਗ: ਨੈਟਵਰਕ ਖਰਾਬ ਹੈ

ਮੈਂ ਪੁਰਾਣੇ ਜਮਾਨੇ ਦਾ ਸਿੱਧਾ ਸਾਦਾ ਆਦਮੀ ਹਾਂ ਤੇਜ਼ੀ ਨਾਲ ਹੋ ਰਹੇ ਪਰਿਵਰਤਨ ਦੇ ਇਸ ਯੁਗ ਵਿੱਚ ਮੈਂ ਆਪਣੇ ਆਪ ਨੂੰ ਢਾਲ ਨਹੀਂ ਸਕਿਆ। ਸਾਡੇ ਸਮੇਂ ਵਿੱਚ ਸੰਦੇਸ਼ ਭੇਜਣ ਜਾਂ ਮੰਗਵਾਉਣ ਵਾਸਤੇ ਪੋਸਟ ਕਾਰਡ, ਤਾਰ ਜਾਂ ਬਾਅਦ ਵਿੱਚ ਟੈਲੀਫੋਨ ਦਾ ਇਸਤੇਮਾਲ ਕੀਤਾ ਜਾਂਦਾ ਸੀ ਲੇਕਿਨ ਇਹ ਤਾਂ ਸਾਰੀਆਂ ਗੱਲਾਂ ਬੀਤੇ ਸਮੇਂ ਦੀਆਂ ਹੋ ਕੇ ਰਹਿ ਗਈਆਂ ਹਨ। ਲੈਂਡਲਾਈਨ ਅਤੇ ਟੈਲੀਫੋਨ ਤੇਜੀ ਨਾਲ ਗਾਇਬ ਹੁੰਦੇ ਜਾ ਰਹੇ ਹਨ ਅਤੇ ਜਿੱਧਰ ਵੀ ਦੇਖੋ ਹਰ ਕੋਈ ਮੋਬਾਈਲ ਫੋਨ ਦਾ ਦੀਵਾਨਾ ਹੋ ਰਿਹਾ ਹੈ। ਕਈ ਲੋਕ ਤਾਂ ਇਹੋ ਜਿਹੇ ਹਨ ਜਿਹੜੇ ਕਿ ਤਿੰਨ ਤਿੰਨ ਚਾਰ ਚਾਰ ਮੋਬਾਈਲ ਫੋਨ ਨਾਲ ਇੰਟਰਨੈਟ ਤੋਂ ਜਾਣਕਾਰੀ ਹੀ ਨਹੀਂ ਪ੍ਰਾਪਤ ਕਰ ਰਹੇ ਬਲਕਿ ਇਸ ਤੋਂ ਜਿਆਦਾ ਦੁਨੀਆ ਭਰ ਦੀ ਜਾਣਕਾਰੀ ਵੀ ਹਾਸਲ ਕਰ ਰਹੇ ਹਨ। ਅੱਜ ਕੱਲ ਜਿਆਦਾ ਤੋਂ ਜਿਆਦਾ ਲੋਕ ਨਸ਼ੀਲੇ ਪਦਾਰਥਾਂ ਦੇ ਮੁਕਾਬਲੇ ਮੋਬਾਇਲ ਦੇ ਨਸ਼ੇ ਵਿੱਚ ਜਿਆਦਾ ਫਸੇ ਹੋਏ ਲਗਦੇ ਹਨ। ਕਈ ਵਾਰ ਅਸੀਂ ਜਿਸ ਬੰਦੇ ਨਾਲ ਗੱਲ ਕਰ ਰਹੇ ਹੁੰਦੇ ਹਾਂ ਉਸ ਨੂੰ ਸਾਡੀ ਆਵਾਜ਼ ਸੁਣਾਈ ਨਹੀਂ ਦਿੰਦੀ ਜਾਂ ਕਈ ਵਾਰ ਜੋ ਕਝ ਉਹ ਮੋਬਾਈਲ ਤੋਂ ਬੋਲ ਰਿਹਾ ਹੁੰਦਾ ਹੈ ਸਾਨੂੰ ਸੁਣਾਈ ਨਹੀਂ ਦਿੰਦਾ। , ਕਈ ਵਾਰ ਜਦੋਂ ਅਸੀਂ ਕਿਸੇ ਨਾਲ ਮੋਬਾਈਲ ਤੇ ਗੱਲ ਕਰਨ ਦੀ ਕੋਸ਼ਿਸ਼ ਕਰੀਏ ਤਾਂ ਦੂਜੇ ਪਾਸਿਓਂ ਆਵਾਜ਼ ਆਉਂਦੀ ਹੈ,,, ਇਹ ਨੰਬਰ ਅਜੇ ਬਿਜ਼ੀ ਹੈ, ਜਿਸ ਨਾਲ ਤੁਸੀਂ ਗੱਲ ਕਰਨਾ ਚਾਹੁੰਦੇ ਹੋ ਉਹ ਤੁਹਾਡੀ ਗੱਲ ਦਾ ਜਵਾਬ ਨਹੀਂ ਦੇ ਰਿਹਾ। ਕਈ ਵਾਰ ਤਾਂ ਗਲਤ ਨੰਬਰ ਮਿਲ ਜਾਂਦਾ ਹੈ, ਜਿਸ ਕਰਕੇ ਦੂਜੀ ਸਾਈਡ ਵਾਲੇ ਕਈ ਵਾਰ ਲੜਨਾ ਸ਼ੁਰੂ ਕਰ ਦਿੰਦੇ ਹਨ ਜਾਂ ਸਾਨੂੰ ਮਾਫੀ ਮੰਗ ਕੇ ਪੈਂਡਾ ਛੁਡਾਉਣਾ ਪੈਂਦਾ ਹੈ। ਲੇਕਿਨ ਸਾਹਿਬ ਜੇਕਰ ਮੋਬਾਇਲ ਫੋਨ ਇਸਤੇਮਾਲ ਕਰਨਾ ਹੈ ਤਾਂ ਨੈਟਵਰਕ ਦੇ ਖਰਾਬ ਹੋਣ ਦੇ ਇਹ ਕੌੜੇ ਘੁੱਟ ਤਾਂ ਪੀਣੇ ਹੀ ਪੈਣਗੇ। ਕੀ ਕਰੀਏ ਮਜਬੂਰੀ ਹੈ। ਹੁਣ ਤੁਹਾਨੂੰ ਦੱਸੀਏ ਕਿ ਨੈਟਵਰਕ ਕਿੱਥੇ ਕਿੱਥੇ ਅਤੇ ਕਿਸ ਕਿਸ ਤਰੀਕੇ ਨਾਲ ਖਰਾਬ ਹੁੰਦਾ ਹੈ। ਆਮ ਤੌਰ ਤੇ ਸਾਡੇ ਪਰਿਵਾਰਾਂ ਵਿੱਚ ਆਪਸੀ ਨੈਟਵਰਕ ਖਰਾਬ ਹੀ ਹੁੰਦਾ ਹੈ। ਜ਼ਿੰਦਗੀ ਦੇ ਮੋਬਾਈਲ ਦੇ ਨੈਟਵਰਕ ਦੇ ਆਮ ਤੌਰ ਤੇ ਖਰਾਬ ਰਹਿਣ ਦੀ ਹੀ ਸੰਭਾਵਨਾ ਹੈ। ਪਤੀ ਪਤਨੀ ਵਿਚਕਾਰ ਤਾਂ ਨੈਟਵਰਕ ਠੀਕ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਈ ਵਾਰ ਤਾਂ ਕੇਵਲ ਐਮਰਜੈਂਸੀ ਵਿੱਚ ਹੀ ਗੱਲਬਾਤ ਹੁੰਦੀ ਹੈ। ਨੈਟਵਰਕ ਖਰਾਬ ਹੋਣ ਦੀ ਸਮੱਸਿਆ ਕਰਕੇ ਕਈ ਵਾਰ ਕੋਈ ਲੋਕ ਤਾਂ ਮੋਬਾਇਲ ਨਾ ਖਰੀਦਣ ਬਾਰੇ ਹੀ ਸੋਚਦੇ ਹਨ। ਲੇਕਿਨ ਪਰਿਵਾਰਾਂ ਵਿੱਚ ਪਿਤਾ ਅਤੇ ਪੁੱਤਰ ਦਾ ਨੈਟਵਰਕ ਆਮ ਤੌਰ ਤੇ ਵਿਗੜਿਆ ਹੀ ਰਹਿੰਦਾ ਹੈ। ਸੱਸ ਅਤੇ ਨੂੰਹ, ਭਰਜਾਈ ਅਤੇ ਨਨਾਣ ਦਾ ਨੈਟਵਰਕ ਵੀ ਠੀਕ ਨਹੀਂ ਰਹਿੰਦਾ। ਕਈ ਵਾਰ ਮਿਸ ਕਾਲ ਦੇਣ ਤੇ ਕੋਈ ਜਵਾਬ ਨਹੀਂ ਆਉਂਦਾ ਅਤੇ ਕਈ ਵਾਰ ਪਰਿਵਾਰਿਕ ਮੋਬਾਈਲ ਹੈਂਗ ਹੋਇਆ ਹੀ ਮਿਲਦਾ ਹੈ।!

ਬਜ਼ੁਰਗਾਂ ਦੇ ਮੋਬਾਈਲ ਦਾ ਤਾਂ ਸਾਰਾ ਸਿਲਸਿਲਾ ਹੀ ਵਿਗੜਿਆ ਹੋਇਆ ਮਿਲਦਾ ਹੈ। ਵਿਚਾਰਰੇ ਬਜ਼ੁਰਗ ਲੋਕਾਂ ਪਾਸ ਮਿਸ ਕਾਲ ਆਉਂਦੀ ਹੈ। ਉਹਨਾਂ ਨੂੰ ਪਤਾ ਵੀ ਨਹੀਂ ਚਲਦਾ, ਫੇਸਬੁਕ ਖਰਾਬ ਹੁੰਦਾ ਹੈ। ਅੱਖਾਂ, ਕੰਨ, ਦੰਦ ਕੰਮ ਨਹੀਂ ਕਰਦੇ। ਵਟਸਐਪ ਵੀ ਖਰਾਬ ਰਹਿੰਦਾ, ਕਲਿੱਕ ਹੀ ਨਹੀਂ ਹੁੰਦਾ (ਜੋੜਾਂ ਦੇ ਦਰਦ ਕਰਕੇ ਚਲਿਆ ਹੀ ਨਹੀਂ ਜਾਂਦਾ) ਬਜ਼ੁਰਗਾਂ ਲਈ ਵਿਗੜੇ ਹੋਏ ਨੈਟਵਰਕ ਨਾਲ ਜ਼ਿੰਦਗੀ ਦੇ ਮੋਬਾਈਲ ਨੂੰ ਇਸਤੇਮਾਲ ਕਰਨਾ ਮਜਬੂਰੀ ਹੋ ਗਈ ਹੈ ਅੱਜ ਕੱਲ।!

ਅੱਜ ਕੱਲ ਦੇ ਨੌਜਵਾਨ ਤਬਕੇ ਨੂੰ ਲੈ ਕੇ ਨੈਟਵਰਕ ਦੀ ਜਿਤਨੀ ਗੱਲ ਕੀਤੀ ਜਾਏ ਉਤਨੀ ਥੋੜੀ ਹੈ ਇਸ ਵਰਗ ਨੂੰ ਪਤਾ ਹੈ ਕਿ ਅਗਰ ਨੈਟਵਰਕ ਠੀਕ ਕੰਮ ਨਹੀਂ ਕਰ ਰਿਹਾ ਤਾਂ ਕੰਮ ਕਿਵੇਂ ਚਲਾਇਆ ਜਾ ਸਕਦਾ ਹੈ। ਮੇਰਾ ਇਹ ਮੰਨਣਾ ਹੈ ਕਿ ਜਿੰਨਾ ਲਾਭ ਮੋਬਾਈਲ ਸਿਸਟਮ ਦਾ ਅੱਜਕੱਲ ਤੇ ਨੌਜਵਾਨ ਤਬਕੇ ਨੂੰ ਹੋਇਆ ਹੈ ਉਸਦਾ ਹੋਰ ਕਿਸੇ ਨੂੰ ਨਹੀਂ ਹੋਇਆ ਅਤੇ ਇਸ ਤਬਕੇ ਨੂੰ ਮੋਬਾਇਲ ਦੀ ਜਾਣਕਾਰੀ ਬਾਕੀਆਂ ਨਾਲੋਂ ਬਹੁਤ ਜਿਆਦਾ ਹੈ। ਇਹੀ ਕਾਰਨ ਹੈ ਕਿ ਇਸ ਤਬਕੇ ਦਾ ਜ਼ਿੰਦਗੀ ਦਾ ਮੋਬਾਈਲ ਜਿਆਦਾ ਦੇਰ ਤੱਕ ਹੈਂਗ ਨਹੀਂ ਹੋ ਸਕਦਾ, ਨੈਟਵਰਕ ਖਰਾਬ ਨਹੀਂ ਹੋ ਸਕਦਾ। ਇਸ ਤਬਕੇ ਨੂੰ ਪਤਾ ਕਿ ਜੇਕਰ ਯੂਟਿਊਬ ਕਮ ਨਹੀਂ ਕਰ ਰਿਹਾ ਤਾਂ ਦੂਜਾ ਕਿਹੜਾ ਤਰੀਕਾ ਹੈ ਜਿਸ ਨਾਲ ਸਭ ਠੀਕ ਠਾਕ ਹੋ ਜਾਏ। ਹਾਂ, ਅੱਜ ਕੱਲ ਦੇ ਜਵਾਨ ਤਬਕੇ ਦਾ ਨੈਟਵਰਕ ਤਾਂ ਖਰਾਬ ਹੁੰਦਾ ਹੈ ਜਦੋਂ ਉਹਨਾਂ ਨੂੰ ਉਹਨਾਂ ਦੇ ਮਾਂ ਬਾਪ ਜਾ ਭਰਾ ਕਿਸੇ ਪਬਲਿਕ ਪਾਰਕ ਵਿੱਚ ਕਿਸੇ ਪ੍ਰੇਮੀ ਕਾ ਸਾਥੀ ਨਾਲ ਗੁਲਛਰੇ ਉਡਾਂਦੇ ਅਤੇ ਉਸਦੀ ਗੋਦੀ ਵਿੱਚ ਨੀਂਦ ਕਰਕੇ ਸੁਪਨੇ ਲੈਂਦੇ ਹੋਏ ਫੜੇ ਜਾਂਦੇ ਹਨ। ਕਦੇ ਕਦੇ ਇਹਨਾਂ ਦੇ ਸਾਥੀ ਲੋਕ ਵੀ ਈਰਖਾ ਵਿੱਚ ਆ ਕੇ ਪ੍ਰੇਮੀ ਅਤੇ ਪ੍ਰੇਮਿਕਾ ਦੇ ਨੈਟਵਰਕ ਵਿੱਚ ਖਰਾਬੀ ਪੈਦਾ ਕਰ ਦਿੰਦੇ ਹਨ। ਬੇਸ਼ੱਕ ਨੌਜਵਾਨ ਤਬਕੇ ਨੂੰ ਉਹਨਾਂ ਦੇ ਮਾਂ ਬਾਪ ਕਿਤਨਾ ਵੀ ਪਿਆਰ ਕਰ ਲੈਣ ਅਤੇ ਇਹਨਾਂ ਨੂੰ ਸਹੂਲਤਾਂ ਦੇ ਦੇਣ ਇਸਤੇ ਬਾਵਜੂਦ ਵੀ ਇਹਨਾਂ ਦਾ ਮਾਪਿਆਂ ਦੇ ਨਾਲ ਨੈਟਵਰਕ ਵਿਗੜਿਆ ਹੀ ਰਹਿੰਦਾ ਹੈ।

ਜਿੱਥੇ ਤੱਕ ਰਾਜਨੀਤੀ ਦੀ ਗੱਲ ਕੀਤੀ ਜਾਏ, ਕਾਂਗਰਸ ਅਤੇ ਭਾਜਪਾ ਦਾ ਨੈਟਵਰਕ ਨਾ ਤਾਂ ਕਦੇ ਠੀਕ ਰਿਹਾ ਹੈ ਅਤੇ ਨਾ ਹੀ ਠੀਕ ਰਹਿ ਸਕਦਾ ਹੈ। ਜੇਕਰ ਕਿਸੇ ਪ੍ਰੋਗਰਾਮ ਵਿੱਚ ਕਾਂਗਰਸ ਅਤੇ ਭਾਜਪਾ ਵਾਲੇ ਨਾਲ ਨਾਲ ਬੈਠੇ ਹੋਣ ਤਾਂ ਉਹਨਾਂ ਦੇ ਮਨ ਵਿੱਚ ਇੱਕ ਦੂਜੇ ਪ੍ਰਤੀ ਐਵੇਂ ਈਰਖਾ ਹੁੰਦੀ ਹੈ ਜਿਵੇਂ ਕਿ ਇਸਰਾਈਲ ਅਤੇ ਇਰਾਨ ਦੇ ਨਾਗਰਿਕਾਂ ਵਿੱਚ ਨੈਟਵਰਕ ਖਰਾਬ ਹੋਣ ਕਰਕੇ ਈਰਖਾ ਹੁੰਦੀ ਹੈ। ਜਿਵੇਂ ਅੱਜ ਕੱਲ ਫੇਸਬੁਕ ਤੇ ਅਸ਼ਲੀਲ ਅਤੇ ਮਰਿਆਦਾ ਤੋਂ ਹਟ ਕੇ ਕੁਝ ਸਮਗਰੀ ਦੇਖਣ ਨੂੰ ਮਿਲਦੀ ਹੈ ਜਿਸ ਕਰਕੇ ਸਾਨੂੰ ਸ਼ਰਮ ਵੀ ਆਉਂਦੀ ਹੈ, ਠੀਕ ਉਸੇ ਤਰ੍ਹਾਂ ਕਾਂਗਰਸ ਅਤੇ ਭਾਜਪਾ ਵਾਲੇ ਮਰਿਆਦਾ ਨੂੰ ਲੱਤ ਮਾਰ ਕੇ ਇੱਕ ਦੂਜੇ ਬਾਰੇ ਪਤਾ ਨਹੀਂ ਕੀ ਕੀ ਕਹਿੰਦੇ ਰਹਿੰਦੇ ਹਨ। ਇਹ ਸਾਰਾ ਇਹਨਾਂ ਦੋਹਾਂ ਵਿਚਕਾਰ ਨੈਟਵਰਕ ਖਰਾਬ ਹੋਣ ਦਾ ਹੀ ਨਤੀਜਾ ਹੈ। ਭਾਰਤ ਅਤੇ ਪਾਕਿਸਤਾਨ ਦਾ ਨੈਟਵਰਕ ਤਾਂ 1947 ਤੋਂ ਹੀ ਵਿਗੜਿਆ ਹੋਇਆ ਦੇਖਿਆ ਜਾ ਸਕਦਾ ਹੈ। ਪਾਕਿਸਤਾਨ ਕਸ਼ਮੀਰ ਤੇ ਕਬਜ਼ਾ ਨਹੀਂ ਕਰ ਸਕਿਆ ਲੇਕਿਨ ਅੱਤਵਾਦੀਆਂ ਨੂੰ ਜੰਮੂ ਕਸ਼ਮੀਰ ਵਿੱਚ ਭੇਜ ਕੇ ਤੋੜਫੋੜ ਦੀਆਂ ਕਾਰਵਾਈਆਂ ਕਰਵਾਉਣ ਅਤੇ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਭਾਰਤ ਸਰਕਾਰ ਦੇ ਖਿਲਾਫ ਭੜਕਾਉਣ ਦੀ ਕੋਈ ਕਸਰ ਨਹੀਂ ਛੱਡ ਰਿਹਾ। ਅੱਜ ਕੱਲ ਤਾਂ ਬੰਗਲਾਦੇਸ਼ ਵਿੱਚ ਤਖਤਾ ਪਲਟ ਦੇ ਬਾਅਦ ਪਾਕਿਸਤਾਨ ਦੀ ਸਰਕਾਰ ਉਸ ਦਾ ਇਸਤੇਮਾਲ ਭਾਰਤ ਦੇ ਖਿਲਾਫ ਕਰਨ ਵਿੱਚ ਲੱਗੀ ਹੋਈ ਹੈ। ਇਸ ਤਰ੍ਹਾਂ ਜਿੱਥੇ ਪਹਿਲਾਂ ਭਾਰਤ ਅਤੇ ਪਾਕਿਸਤਾਨ ਦਾ ਨੈਟਵਰਕ ਠੀਕ ਨਹੀਂ ਸੀ ਉਹੀ ਗੱਲ ਬੰਗਲਾਦੇਸ਼ ਦੇ ਨਾਲ ਵੀ ਨੈਟਵਰਕ ਖਰਾਬ ਹੋਣ ਵਾਲੀ ਦਿਖਾਈ ਦੇ ਰਹੀ ਹੈ। ਇਹੀ ਕਾਰਨ ਹੈ ਕਿ ਉਥੇ ਹਿੰਦੂਆਂ ਦੇ ਮੰਦਰਾਂ ਨੂੰ ਸਾੜਿਆ ਜਾ ਰਿਹਾ ਹੈ, ਹਿੰਦੂਆਂ ਨੂੰ ਜਾਨੋ ਮਾਰਿਆ ਜਾ ਰਿਹਾ ਅਤੇ ਉਹਨਾਂ ਨੂੰ ਮੁਸਲਮਾਨ ਬਣਨ ਵਾਸਤੇ ਮਜਬੂਰ ਕੀਤਾ ਜਾ ਰਿਹਾ ਹੈ। ਹਾਲਾਂਕਿ ਬੰਗਲਾਦੇਸ਼ ਨੂੰ ਭਾਰਤ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ ਕਿਉਂਕਿ ਭਾਰਤ ਨੇ ਹੀ ਬੰਗਲਾਦੇਸ਼ ਬਣਾਉਣ ਵਿੱਚ ਉਸ ਦੀ ਮਦਦ ਕੀਤੀ ਸੀ। ਪਰ ਅਹਿਸਾਨ ਫਰਾਮੋਸ਼ ਬੰਗਲਾਦੇਸ਼ ਤਾਂ ਭਾਰਤ ਦੇ ਨਾਲ ਆਪਣਾ ਨੈਟਵਰਕ ਖਰਾਬ ਕਰਨ ਤੇ ਅੜਿਆ ਹੋਇਆ ਹੈ।

ਪਾਕਿਸਤਾਨ ਦੀ ਤਰ੍ਹਾਂ ਚੀਨ ਦਾ ਵੀ ਸਾਡੇ ਨਾਲ ਕਦੇ ਨੈਟਵਰਕ ਠੀਕ ਨਹੀਂ ਰਿਹਾ। ਹਾਲਾਂਕਿ ਭਾਰਤ ਨੇ ਚੀਨ ਨੂੰ ਯੂਐਨਓ ਦੀ ਮੈਂਬਰਸ਼ਿਪ ਦਿਲਵਾਉਣ ਵਾਸਤੇ ਮਦਦ ਕੀਤੀ ਸੀ ਅਤੇ ਪੰਡਿਤ ਜਵਾਹਰਲਾਲ ਨਹਿਰੂ ਨੇ ਚੀਨ ਨਾਲ ਸਬੰਧ ਸੁਧਾਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ ਲੇਕਿਨ ਉਸ ਨੇ ਤਾਂ ਭਾਰਤ ਤੇ 1962 ਵਿੱਚ ਹਮਲਾ ਕਰਕੇ ਸਾਡੇ ਬਹੁਤ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ ਅਤੇ ਅਜੇ ਵੀ ਭਾਰਤ ਦੇ ਕਈ ਇਲਾਕਿਆਂ ਤੇ ਉਹ ਆਪਣਾ ਹੱਕ ਸਮਝਣ ਦੀ ਗੱਲ ਭਾਰਤ ਨੂੰ ਕਹਿ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚੀਨ ਅੰਤਰਰਾਸ਼ਟਰੀ ਖੇਤਰ ਵਿੱਚ ਭਾਰਤ ਦਾ ਕਿਸੇ ਨਾ ਕਿਸੇ ਤਰੀਕੇ ਨਾਲ ਵਿਰੋਧ ਕਰਦਾ ਰਹਿੰਦਾ ਹੈ। ਅਜਿਹੇ ਹਾਲਤ ਵਿੱਚ ਭਾਰਤ ਔਰ ਚੀਨ ਦਾ ਨੈਟਵਰਕ ਕਿਵੇਂ ਠੀਕ ਰਹਿ ਸਕਦਾ ਹੈ।

ਬੇਸ਼ੱਕ ਸਾਡੇ ਲੋਕਾਂ ਦਾ ਨੈਟਵਰਕ ਕਦੇ ਨਾ ਕਦੇ ਕਿਸੇ ਨਾ ਕਿਸੇ ਤਰੀਕੇ ਨਾਲ ਵਿਗੜਿਆ ਹੀ ਰਹਿੰਦਾ ਇਸ ਦੇ ਬਾਵਜੂਦ ਵੀ ਸਾਨੂੰ ਕੰਮ ਤਾਂ ਚਲਾਉਣਾ ਹੀ ਪੈਂਦਾ ਹੈ। ਬੇਸ਼ੱਕ ਘਰ ਵਿੱਚ ਘਸੁਨਬਾਜ਼ੀ ਹੋ ਜਾਏ, ਘਰ ਦੇ ਬਾਹਰ ਤਾਂ ਲੋਕਾਂ ਨਾਲ ਮੁਸਕਰਾ ਕੇ ਗੱਲ ਕਰਨੀ ਪੈਂਦੀ ਹੈ ਜਿਵੇਂ ਕਿ ਸਾਡਾ ਨੈਟਵਰਕ ਠੀਕ ਕੰਮ ਕਰ ਰਿਹਾ ਹੋਵੇ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 9416359045**

# ਗੁਰਦਵਾਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਲੈਸਟਰਸ਼ਾਇਰ ਵਿਖੇ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਦਸਤਾਰ ਮੁਕਾਬਲੇ ਕਰਵਾਏ ਗਏ

**ਸਮਾਜ ਵੀਕਲੀ ਯੂ ਕੇ-** ਸ਼ਹੀਦੀ ਸੰਦਰਵਾੜੇ ਦੇ ਸਬੰਧ ਵਿੱਚ ਇੰਗਲੈਂਡ ਦੇ ਪ੍ਰਸਿੱਧ ਸ਼ਹਿਰ ਲੈਸਟਰਸ਼ਾਇਰ ਦੇ ਓਡਬੀ ਖੇਤਰ ਦੇ ਗੁਰਦਵਾਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਵਿਖੇ ਪੰਜਾਬੀ ਲਿਸਨਰਜ ਕਲੱਬ ਦੇ ਸੰਚਾਲਕ ਤਰਲੋਚਨ ਸਿੰਘ ਵਿਰਕ ਵਲੋਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਯਾਦ ਵਿੱਚ ਬੱਚਿਆਂ ਦੇ ਦਸਤਾਰ ਮੁਕਾਬਲੇ ਵੀਰਵਾਰ 26 ਦਸੰਬਰ ਨੂੰ ਕਰਵਾਏ ਗਏ ਜਿਸ ਸਮੇ ਬਰਤਾਨੀਆ ਦੇ ਰਾਜਾ ਚਾਰਲਜ ਦੇ ਲੈਸਟਰਸ਼ਾਇਰ ਦੇ ਨੁਮਾਉਂਦੇ ਪ੍ਰੋ: ਰੌਬਰਟ ਐਲੀਸੰਨ ਮੁੱਖ ਮਿਹਮਾਨ ਤੌਰ ਤੇ ਪੁੱਜੇ ਜਿਨ੍ਹਾ ਦੇ ਸਿਰ ਤੇ ਪੱਗ ਸਜਾਈ ਗਈ।

ਪ੍ਰੋ: ਰੌਬਰਟ ਐਲੀਸਨ ਜੀ ਨੇ ਸਟੇਜ ਤੋਂ ਬੋਲਦਿਆਂ ਦੱਸਿਆ ਕਿ ਮੈਨੂੰ ਬੇ-ਹੱਦ ਖੁਸ਼ੀ ਹੋਈ ਹੈ ਕਿ ਮੈਨੂੰ ਦਸਤਾਰ ਮੁਕਾਬਲਿਆਂ ਤੇ ਸੱਦਿਆ ਗਿਆ। ਡੇੜ ਘੰਟੇ ਵਿੱਚ ਮੈ ਸਿੱਖ ਧਰਮ ਬਾਰੇ ਜਿਆਦਾ ਸਿਖਿਆ ਹੈ ਜੋ ਮੈਂ ਆਪਣੀ ਬਾਕੀ ਸਾਰੀ ਹੀ ਜਿੰਦਗੀ ਵਿੱਚ ਨਹੀਂ ਸਿੱਖ ਸਕਿਆ। ਤੁਸੀਂ ਕਰਿਸਮਿੱਸ ਦੇ ਸੁਨੇਹੇ ਵਿੱਚ ਰਾਜਾ ਚਾਰਲਜ ਦੇ ਸੁਨੇਹੇ ਵਿੱਚ ਸੁਣਿਆ ਹੋਣਾ ਹੈ ਕਿ ਉਨ੍ਹੀ ਕਿਹਾ ਸੀ ਕਿ ਦੇਸ਼, ਕੌਮਨਵੈਲਥ, ਦੁਨੀਆ ਇੱਕ ਪਰਿਵਾਰ ਵਾਂਗ ਹਨ ਜਿਸ ਵਿੱਚ ਇਹ ਜਿਆਦਾ ਮਹੱਤਤ ਪੂਰਨ ਹੈ ਜੋ ਸਾਨੂੰ ਸੱਭ ਨੂੰ ਜੋੜਦਾ ਹੈ ਜੋ ਤੁਸੀਂ ਦਾਸ ਨੂੰ ਗੁਰਦਵਾਰਾ ਸਾਹਿਬ ਬੁਲਾ ਕੇ ਸਾਬਤ ਕਰ ਦਿੱਤਾ ਕਿ ਤੁਸੀਂ ਹੋਰਨਾ ਕੌਮਾਂ ਨੂੰ ਨਾਲ ਜੋੜਨ ਦੇ ਹੱਕ ਵਿੱਚ ਹੋਂ। ਮੈਂ ਦਿਲੋਂ ਚਾਹੁੰਦਾ ਹਾਂ ਕਿ ਤੁਸੀਂ ਦਾਸ ਨੂੰ ਦੁਬਾਰਾ ਫਿਰ ਬਲਾਵੋਂ ਤਾਂ ਕਿ ਮੈਂ ਸਿੱਖ ਧਰਮ ਬਾਰੇ ਹੋਰ ਵੀ ਸਿੱਖ ਸਕਾਂ।

ਓਡਬੀ ਅਤੇ ਵਿਗਸਟਨ ਕਾਂਉਸਲਰ ਸੰਤੋਖ ਸਿੰਘ ਅਟਵਾਲ ਜੀ ਨੇ ਕਿਹਾ ਕਿ ਇਸ ਤਰਾਂ ਦੇ ਦਸਤਾਰ ਮੁਕਾ-ਬਲੇ ਹੋਰਨਾ ਗੁਰਦਵਾਰਾ ਸਾਹਿਬ ਜੀ ਵਿਖੇ ਵੀ ਹੋਣੇ ਚਾਹੀਦੇ ਹਨ ਜਿਸ ਦਾ ਅਸ਼ੀਂ ਪੂਰਾ ਸਿਹਯੋਗ ਦਵਾਂਗੇ। ਗੁਰੂ ਨਾਨਕ ਗੁਰਦਵਾਰਾ ਲੈਸਟਰ ਦੇ ਸਾਬਕਾ ਮੁੱਖ ਸੇਵਾਦਾਰ ਬਲਬੀਰ ਸਿੰਘ ਸਰਪੰਚ ਜੀ ਨੇ ਦੱਸਿਆ ਕਿ ਪੰਜਾਬੀ ਲਿਸਨਰਜ ਕਲੱਬ ਸਤੰਬਰ 1996 ਨੂੰ ਪਹਿਲਾ ਪ੍ਰੋਗਰਾਮ ਗੁਰਦਵਾਰਾ ਸਾਹਿਬ ਵਿਖੇ ਰੱਖਿਆ ਸੀ ਜਿਸ ਸਮੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਬੀਬੀਸੀ ਰੇਡੀਓ ਲੈਸਟਰ ਦੇ ਪੰਜਾਬੀ ਪ੍ਰੋਗਰਾਮ ਦੀ ਪੇਸ਼ਕਾਰਾ ਗੁਰਪ੍ਰੀਤ ਕੌਰ ਜੀ ਨੂੰ ਇੱਕ ਸ਼ਾਨਦਾਰ ਟਰੋਫੀ ਨਾਮ ਸਨਮਾਨਿੱਤ ਕੀਤਾ ਸੀ। 30 ਸਾਲ ਬਹੁੱਤ ਹੀ ਲੰਮਾ ਸਮਾ ਹੁੰਦਾ ਹੈ, ਤਰਲੋਚਨ ਸਿੰਘ ਅਤੇ ਇਨ੍ਹਾ ਦੇ ਸਿਹਯੋਗੀ ਸੱਚ ਮੁੱਚ ਹੀ ਵਧਾਈ ਦੇ ਪਾਤਰ ਹਨ ਜੋ ਕਿ ਮਾਂ-ਬੋਲੀ ਪੰਜਾਬੀ ਅਤੇ ਸਿੱਖ ਧਰਮ ਦੀ ਸੇਵਾ ਕਰਦੇ ਆ ਰਹੇ ਹਨ। ਵਾਹਿਗੁਰੂ ਜੀ ਇਨ੍ਹਾ ਨੂੰ ਹੋਰ ਵੀ ਜਿਆਦਾ ਹਿੰਮਤ ਦਾ ਦਾਨ ਬਖਸ਼ਣ ਤਾਂ ਕਿ ਇਹ ਇਸੀ ਤਰਾਂ ਸੇਵਾ ਕਰਦੇ ਰਹਿਣ।

ਗੁਰਦਵਾਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਭਾਈ ਹਰਜਿੰਦਰ ਸਿੰਘ ਰਾਏ ਜੀ ਨੇ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਰਾਜਾ ਚਾਰਲਜ ਦੇ ਲੈਸਟਰਸ਼ਾਇਰ ਦੇ ਨੁਮਾਇੰਦੇ ਨੇ ਸਾਡਾ ਸੱਦਾ ਮੰਨ ਲਿਆ। ਦਸਤਾਰ ਸਾਨੂੰ ਸਾਡੇ ਗੁਰੂ ਜੀਆਂ ਨੇਦੇਣ ਦਿੱਤੀ ਹੈ, ਇਹ ਸਿੱਖਾਂ ਦੀ ਸ਼ਾਨ ਹੈ, ਦਸਤਾਰ ਸਜਾਉਣ ਉਪਰੰਤ ਇਨਸਾਨ ਰਾਜੇ ਮਹਾਰਾਜਿਆਂ ਡਾਂਗ ਲੱਗਣ ਲੱਗ ਪੈਂਦਾ ਹੈ। ਅਗਾਂਹ ਤੋਂ ਵੀ ਸਮੇ ਸਮੇ ਦਸਤਾਰ ਮੁਕਾਬਲੇ ਰੱਖੇ ਜਾਣਗੇ ਬਜੁਰਗਾਂ ਲਈ ਵੀ।

ਪੰਜਾਬੀ ਲਿਸਨਰਜ ਕਲੱਬ ਦੇ ਸੰਚਾਲਕ ਤਰਲੋਚਨ ਸਿੰਘ ਵਿਰਕ ਦਸਤਾਰ ਮੁਕਾਬਲੇ ਵਿੱਚ ਸਿਹਯੋਗ ਦੇਣ ਤੇ ਬਰਤਾਨੀਆ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਅਤੇ ਸੁਖਦੇਵ ਸਿੰਘ ਅਟਵਾਲ ਸੋਖਾ ਉਦੋਪੁਰੀਆ ਜੀ ਦੋਨੋ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਸਿੱਖ ਕੌਮ ਦੇ ਪ੍ਰਸਿੱਧ ਕਥਾਵਾਚਕ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਬਿਲਕੁਲ ਸੱਚ ਕਿਹਾ ਸੀ ਕਿ ਦੇਸ਼ ਵਿਦੇਸ਼ ਵਿੱਚ ਗੁਰਦਵਾਰਾ ਸਾਹਿਬਾਂ ਜੀ ਦਾ ਪ੍ਰਬੰਧ ਸਹੀ ਨਹੀਂ ਹੋ ਰਿਹਾ।

ਜਿਆਦਾ ਤੌਰ ਤੇ ਗੁਰਦਵਾਰਾ ਸਾਹਿਬ ਜੀ ਦੀਆਂ ਇਮਾਰਤਾਂ ਦੀ ਮੁਰੰਮੱਤ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜਦੋਂ ਮਰਜੀ ਦੇਖ ਲਿਆ ਜਾਵੇ ਜਿਆਦਾ ਗੁਰਦ-ਵਾਰਾ ਸਾਹਿਬ ਜੀ ਵਿਖੇਲੰਗਰ ਹਾਲ ਵਿੱਚ ਹੀ ਸਾਰੀ ਸੰਗਤ ਹੁੰਦੀ ਹੈ ਅਤੇ ਆਮ ਤੌਰ ਤੇ ਪਾਠੀ ਇਕੱਲਾ ਹੀ ਪਾਠ ਕਰ ਰਿਹਾ ਹੁੰਦਾ ਹੈ। ਗੁਰਦਵਾਰਾ ਸਾਹਿਬ ਜੀਆਂ ਨੂੰ ਚਾਹੀਦਾ ਹੈ ਰਲ ਮਿਲ ਕੇ ਬੱਚਿਆਂ ਨੌਜਵਾਨਾ ਬਜੁਰਗਾਂ ਅਪਾਹਜਾਂ ਲਈ ਸਮੇ ਸਮੇ ਸਿੱਖ ਧਰਮ ਬਾਰੇ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ ਤਾਂ ਕਿ ਸੱਭ ਦਾ ਦਿੱਲ ਕਹੇ ਕਿ ਅਸ਼ੀ ਗੁਰਦ-ਵਾਰਾ ਸਾਹਿਬ ਜਾ ਕਿ ਕੁੱਝ ਸਿਖਿਆਂ ਹੈ ਜਿਵੈਨ ਦਸਤਾਰ ਮੁਕਾਬਲਿਆ ਤੇ ਆਏ ਮੁੱਖ ਮਿਹਮਾਨ ਪ੍ਰੋ: ਰੌਬਰਟ ਅਲੀਸਨ ਜੀ ਕਹਿੰਦੇ ਸਨ।
















ਕਲਾ ਵਾਹਿਗੁਰੂ ਦੀ

# ਪੇਂਟਿਗ

# Painting

ਆਪਣੇ ਸੁਪਨਿਆਂ,

**ਬਜ਼ੁਰਗਾਂ,**

**ਮਿੱਤਰ ਪਿਆਰਿਆਂ**

ਦੀਆਂ ਪੇਂਟਿਗ ਬਣਾ ਕੇ

ਆਪਣੇ ਘਰਾਂ ਨੂੰ

**ਚਾਰ ਚੰਨ**

ਲਗਾਓ ਜੀ



DELIVERY ALL WORLD

Payment in Advance

ਪੇਟਿੰਗ ਲਈ ਫੋਟੋ ਵਟਸਐਪ ਨੰਬਰ

+91-97794-70626 ਤੇ ਭੇਜੋ

ਚਿੱਤਰਕਾਰ

ਰਾਜੇਸ਼ ਨਾਗਰਾ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com